# 15

# ਸਮਝਦਾਰੀ ਨਾਲ ਰਹਿਣਾ
## (7:1-29)

ਯਿਸੂ ਦੇ ਪਹਾੜੀ ਉਪਦੇਸ਼ ਦੇ ਆਖ਼ਰੀ ਭਾਗ ਵਿਚ ਉਸਨੇ ਕਪਟ, ਦੁਆ, ਧਰਮੀ ਜ਼ਿੰਦਗੀ ਦੇ ਸਹੀ ਅਸੂਲ, ਸੱਚਾਈ ਦੇ ਸੱਚੇ ਦਿਲੋਂ ਹੁਕਮ ਮੰਨਣ ਦੇ ਵਿਸ਼ਿਆਂ ਤੇ ਗੱਲ ਕੀਤੀ। ਉਸਨੇ ਦੂਜਿਆਂ ਦਾ ਨਿਆਂ ਕਰਨ ਵੇਲੇ ਕਪਟੀ ਹੋਣ ਬਾਰੇ ਚਿਤਾਵਨੀ ਦਿੱਤੀ (7: 1–6)। ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਖ਼ੁਦਾ ਵੱਲੋਂ ਦਿੱਤੇ ਗਏ ਚੰਗੇ ਦਾਨਾਂ ਦੀ ਖੋਜ ਕਰਦਿਆਂ ਦੁਆ ਵਿਚ ਬਣੇ ਰਹਿਣ ਦੀ ਸਿੱਖਿਆ ਦਿੱਤੀ (7:7–11)। ਉਸ ਨੇ ਆਪਸ ਵਿਚ ਵਿਹਾਰ ਦਾ ਨਿਯਮ ਦਿੱਤਾ ਜਿਸ ਨੂੰ ਸੁਨਹਿਰੀ ਨਿਯਮ ਦੇ ਤੌਰ ਤੇ ਜਾਣਿਆ ਜਾਂਦਾ ਹੈ (7: 12)। ਉਪਦੇਸ਼ ਦੇ ਆਖ਼ਰੀ ਵਾਰ ਜ਼ੋਰ ਦੇ ਰੂਪ ਵਿਚ ਉਸਨੇ ਉਨ੍ਹਾਂ ਫਰਕਾਂ ਦੀ ਇਕ ਲੜੀ ਦਿੱਤੀ ਜਿਸ ਵਿਚ ਉਸਦੇ ਸੁਣਨ ਵਾਲਿਆਂ ਨੂੰ ਪਸੰਦ ਚੁਣਨ ਦੀ ਚੁਣੌਤੀ ਦਿੱਤੀ ਗਈ (7: 13–27)। ਉਸਦੀ ਸਿੱਖਿਆ ਦੇ ਪੂਰਾ ਹੋਣ ਤੇ ਭੀੜ ਦੰਗ ਰਹਿ ਗਈ ਸੀ (7:28, 29)।

### ਸੱਚਾ ਨਿਆਂ ( 7:1-6 )

**1 ‘‘ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ। 2ਕਿਉਂ ਜੋ ਜਿਸ ਨਿਆਉਂ**
**ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮਾਪ**
**ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ। 3ਅਤੇ ਤੂੰ ਉਸ ਕੱਖ ਨੂੰ ਜਿਹੜਾ**
**ਤੇਰੇ ਭਾਈ ਦੀ ਅੱਖ ਵਿਚ ਹੈ ਕਿਉਂ ਵੇਖਦਾ ਹੈਂ ਪਰ ਉਸ ਸ਼ਤੀਰ ਦੀ ਵੱਲ ਜੋ ਤੇਰੀ ਆਪਣੀ ਅੱਖ ਵਿਚ**
**ਹੈ ਧਿਆਨ ਨਹੀਂ ਕਰਦਾ? 4ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ, ਲਿਆ ਤੇਰੀ ਅੱਖ ਵਿੱਚੋਂ**
**ਕੱਖ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿਚ ਸ਼ਤੀਰ ਹੈ? 5ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ**
**ਆਪਣੀ ਅੱਖੋਂ ਕੱਢ ਤਾਂ ਚੰਗੀ ਤਰ੍ਹਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸਕੇਂਗਾ।**
**6ਪਵਿੱਤਰ ਵਸਤ ਕੁੱਤਿਆਂ ਨੂੰ ਨਾ ਪਾਓ ਅਤੇ ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ ਕਿਤੇ ਐਉਂ ਨਾ**
**ਹੋਵੇ ਜੋ ਉਹ ਉਨ੍ਹਾਂ ਨੂੰ ਆਪਣੇ ਪੈਰਾਂ ਹੇਠ ਮਿੱਧ ਦੇਣ ਅਤੇ ਮੁੜ ਕੇ ਤੁਹਾਨੂੰ ਪਾੜਨ।’’**

ਅਧਿਆਇ 6 ਦੇ ਚਿੰਤਾ ਦੇ ਵਿਸ਼ੇ ਤੋਂ ਸ਼ੁਰੂ ਵਿਚ ਆਪਣੇ ਚੇਲਿਆਂ ਨੂੰ ਦੂਜਿਆਂ ਦਾ ਜਲਦਬਾਜੀ ਵਿਚ ਨਕਾਰਾਤਮਕ ਨਿਆਂ ਨਾ ਕਰਨ ਦੀ ਹਦਾਇਤ ਦਿੰਦਿਆਂ ਯਿਸੂ ਅਧਿਆਇ 7 ਵਿਚ ਆ ਗਿਆ। ਯਿਸੂ ਨੇ ਆਪਣੇ ਚੇਲਿਆਂ ਨੂੰ ਹਰ ਫ਼ੈਸਲਾ ਪਿੱਛੇ ਛੱਡ ਦੇਣ ਦੀ ਅਗਵਾਈ ਨਹੀਂ ਕੀਤੀ, ਕਿਉਂ ਜੋ ਖ਼ੁਦਾ ਦੇ ਰਾਜ ਦੇ ਲੋਕਾਂ ਦੇ ਰੂਪ ਵਿਚ ਰਹਿਣ ਲਈ ਆਮ ਤੌਰ ਤੇ ਸੱਚਾਈ ਨਾਲ ਫ਼ਰਕ ਕਰਨਾ ਲਾਜ਼ਮੀ ਹੁੰਦਾ ਹੈ।

**ਆਇਤ 1.** ਯਿਸੂ ਨੇ ਹੁਕਮ ਦਿੱਤਾ, **‘‘ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ।’’** ਯਿਸੂ ਦੀ ਮਨਾਹੀ ਦੀ ਯੂਨਾਨੀ ਬਣਤਰ ਜ਼ਰੂਰ ਮੰਨਣ ਯੋਗ ਵਰਤਮਾਨ ਕਿਰਿਆ ਨਾਲ (me) ਚੱਲ ਰਹੀ ਕਾਰਵਾਈ ਨੂੰ ਰੋਕਣ ਦੀ ਮੰਗ ਕਰਦੀ ਹੈ। NLT ਵਿਚ ‘‘ਦੂਜਿਆਂ ਦਾ ਨਿਆਂ ਕਰਨਾ ਬੰਦ ਕਰੋ’’ ਹੈ ਭਲਾ ਯਿਸੂ ਜ਼ੋਰ ਦੇ ਕੇ ਕਿਸੇ ਵੀ ਤਰ੍ਹਾਂ ਦਾ ਨਿਆ ਕਰਨ ਦੀ ਨਿਖੇਧੀ ਕਰ ਰਿਹਾ ਸੀ?

ਅਗਲੀਆਂ ਆਇਤਾਂ ਤੋਂ ਪਤਾ ਲਗਦਾ ਹੈ ਕਿ ਅਜਿਹਾ ਨਹੀਂ ਸੀ। ਉਦਾਹਰਣ ਲਈ ਇਸ ਉਪਦੇਸ਼ ਵਿਚ ਉਸ ਨੇ ਅੱਗੇ ਕਿਹਾ, ''ਝੂਠੇ ਨਬੀਆਂ ਤੋਂ ਹੋਸ਼ਿਆਰ ਰਹੋ ... ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ'' (7:15, 16)। ਉਹ ਇਹ ਕਹਿ ਰਿਹਾ ਸੀ ਕਿ ਇਹ ਤੈਅ ਕਰਨ ਲਈ ਕਿ ਸਿੱਖਿਆ ਦੇਣ ਵਾਲੇ ਸੱਚੇ ਹਨ ਜਾਂ ਝੂਠੇ ਅਤੇ ਇਹ ਫ਼ੈਸਲਾ ਲੈਣ ਲਈ ਕਿ ਉਨ੍ਹਾਂ ਦੇ ''ਫਲ'' ਚੰਗੇ ਹਨ ਜਾਂ ਮਾੜੇ, ਉਨ੍ਹਾਂ ਨੂੰ ਉਨ੍ਹਾਂ ਦੀ ਸਿੱਖਿਆ ਅਤੇ ਜੀਵਨ ਸ਼ੈਲੀ ਨੂੰ ਵੇਖਣਾ ਜ਼ਰੂਰੀ ਹੈ। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਯਿਸੂ ਨੇ ਇਹ ਵੀ ਆਖਿਆ, ''ਵਿਖਾਵੇ ਦੇ ਅਨੁਸਾਰ ਨਿਆਉਂ ਨਾ ਕਰੋ ਪਰੰਤੂ ਸੱਚਾ ਨਿਆਉਂ ਕਰੋ'' (ਯੂਹੰਨਾ 7:24)। ਉਸ ਦੀ ਸਿੱਖਿਆ ਸਿਰਫ਼ ਆਦਮੀ ਦੇ ਆਪਣੇ ਮਾਪਦੰਡ ਦੇ ਅਧਾਰਤ ਨਿੱਜੀ ਨਿਆਂ ਦੀ ਮਨਾਹੀ ਕਰਦੀ ਹੈ ਪਰ ਇਹ ਨਿਆਂ ਲਈ ਖ਼ੁਦਾ ਦੇ ਸੱਚੇ ਮਾਪਦੰਡ ਦੀ ਵਰਤੋਂ ਕਰਣ ਦੀ ਸਲਾਹ ਦਿੰਦੀ ਹੈ।

ਸਾਡੇ ਪ੍ਰਭੂ ਦੀ ਗੱਲ ਕਿ ''ਦੋਸ਼ ਨਾ ਲਾਓ'' ਭਲਿਆਈ ਅਤੇ ਬੁਰਿਆਈ ਵਿਚ ਫ਼ਰਕ ਕਰਨ ਨੂੰ ਗਲਤ ਨਹੀਂ ਠਹਿਰਾਉਂਦੀ ਕਿਉਂਕਿ ਲਿਖਤ ਵਿਚ ਹੋਰ ਆਇਤਾਂ ਤੋਂ ਸਾਨੂੰ ਇਹ ਫ਼ੈਸਲਾ ਲੈਣ ਦਾ ਹੁਕਮ ਦਿੱਤਾ ਗਿਆ ਹੈ (ਰੋਮੀਆਂ 16:17, 18; 1 ਕੁਰਿੰਥੀਆਂ 5:9–13; 2 ਕੁਰਿੰਥੀਆਂ 6:14–18; ਗਲਾਤੀਆਂ 1:9; ਤੀਤੁਸ 1:9–14; 3:10, 11; 1 ਯੂਹੰਨਾ 4:1–3; 2 ਯੂਹੰਨਾ 9–11; ਯਹੂਦਾ 3, 4)। ਯਿਸੂ ਦੇ ਸ਼ਬਦਾਂ ਨੂੰ ਕਲੀਸੀਆ ਦੇ ਅਨੁਸ਼ਾਸਨ ਨੂੰ ਗਲਤ ਠਹਿਰਾਉਣ ਲਈ ਨਹੀਂ ਮੰਨਿਆ ਜਾਣਾ ਚਾਹੀਦਾ। 18:15–18 ਵਿਚ ਯਿਸੂ ਨੇ ਆਪ ਇਸ ਦਾ ਹੁਕਮ ਦਿੱਤਾ ਜਿਵੇਂ ਪੌਲੁਸ ਨੇ ਵੀ (1 ਕੁਰਿੰਥੀਆਂ 5:1–5; 2 ਥੱਸਲੁਨੀਕੀਆਂ 3:6, 14, 15)। ਸਾਨੂੰ ਖ਼ੁਦਾ ਦੇ ਸੱਚੇ ਮਾਪਦੰਡ ਨਾਲ ਨਿਆਂ ਕੀਤੇ ਬਗੈਰ ਕਿਵੇਂ ਪਤਾ ਲਗ ਸਕਦਾ ਹੈ ਕਿ ਕਿਸੇ ਭਾਈ ਨੇ ਗਲਤੀ ਕੀਤੀ ਹੈ (ਵੇਖੋ ਗਲਾਤੀਆਂ 6:1)?

ਇਸ ਕਰਕੇ ਯਿਸੂ ਦੇ ਹੁਕਮ ਨੂੰ ਖ਼ੁਦਾ ਦੇ ਧਰਮ ਨਾਲੋਂ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨੂੰ ਫ਼ਰਕ ਕਰਨ ਲਈ ਪਹਾੜੀ ਉਪਦੇਸ਼ ਦੇ ਮਕਸਦ ਦੇ ਸੰਦਰਭ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ (5:20)। ''ਦੋਸ਼'' ਲਈ ਵਰਤੇ ਗਏ ਯੂਨਾਨੀ ਸ਼ਬਦ (*krino*) ਸੁਣਨ, ਛਾਂਟਣ ਜਾਂ ਫ਼ੈਸਲਾ ਲੈਣ ਦਾ ਸੰਕੇਤ ਦੇ ਸਕਦਾ ਹੈ। ਇਸ ਆਇਤ ਵਿਚ ਇਹ ਸਾਫ਼ ਹੈ ਕਿ ਯਿਸੂ ਆਪਣੇ ਆਪ ਵਿਚ ਧਰਮੀ ਹੋਣ ਅਤੇ ਦੋਸ਼ ਲਾਉਣ ਵਾਲੇ ਸਖ਼ਤ ਰਵਈਏ ਵਰਗੇ, ਜੋ ਗ੍ਰੰਥੀਆਂ ਅਤੇ ਫ਼ਰੀਸੀਆਂ ਵਿਚ ਨਜ਼ਰ ਆਉਂਦਾ ਸੀ, ਗਲਤ ਠਹਿਰਾ ਰਿਹਾ ਸੀ। ਉਹ ਆਪਣੇ ਚੇਲਿਆਂ ਨੂੰ ਅਜਿਹੀ ਸੋਚ ਰੱਖਣ ਤੋਂ ਬਚਣ ਲਈ ਆਖ ਰਿਹਾ ਸੀ। ਉਸ ਦਾ ਹੁਕਮ ਮੂੰਹ ਵੇਖ ਕੇ ਨਿਆਂ ਕਰਨ ਜਾਂ ਕਿਸੇ ਦੂਜੇ ਦੇ ਇਰਾਦੇ ਜਾਂ ਮਨ ਵੇਖ ਕੇ ਨਿਆਂ ਕਰਨ ਦੀ ਮਨਾਹੀ ਕਰਦਾ ਹੈ (ਵੇਖੋ ਯੂਹੰਨਾ 7:24; 1 ਕੁਰਿੰਥੀਆਂ 2:11)। ਇਹ ਉਸ ਰਵੱਈਏ ਨੂੰ ਵੀ ਗਲਤ ਠਹਿਰਾਉਂਦਾ ਹੈ ਜਿਹੜਾ ਕਿਸੇ ਦੂਜੇ ਦੀ ਜ਼ਿੰਦਗੀ ਵਿਚ ਨੁਕਸ ਕੱਢਦਾ ਰਹਿੰਦਾ ਹੈ ਪਰ ਆਪਣੇ ਪਾਪ ਨੂੰ ਵੇਖਣ ਤੋਂ ਇਨਕਾਰ ਕਰਦਾ ਹੈ (7:3, 4)। ਅਸੀਂ ਕਿਸੇ ਦੂਜੇ ਦਾ ਅਬਦੀ ਨਿਆਂ ਨਹੀਂ ਕਰ ਸਕਦੇ ਕਿਉਂਕਿ ਸਾਡਾ ਸਾਰਿਆਂ ਦਾ ਨਿਆਂ ਧਰਮੀ ਨਿਆਈਂ, ਯਿਸੂ ਮਸੀਹ ਵੱਲੋਂ ਹੋਵੇਗਾ (ਯੂਹੰਨਾ 5:22; ਰੋਮੀਆਂ 2:1, 2; 14:4, 10–12; 2 ਕੁਰਿੰਥੀਆਂ 5:10; 2 ਤਿਮੋਥਿਉਸ 4:8; ਪ੍ਰਕਾਸ਼ ਦੀ ਪੋਥੀ 20:11–15)।

ਮੈਦਾਨੀ ਉਪਦੇਸ਼ ਵਿਚ ਯਿਸੂ ਦੀ ਗੱਲ ਨੂੰ ਦਯਾ ਦੇ ਸੰਦਰਭ ਵਿਚ ਰੱਖਿਆ ਗਿਆ ਹੈ: ''ਦਿਆਲੂ ਹੋਵੋ ਜਿਵੇਂ ਤੁਹਾਡਾ ਪਿਤਾ ਦਿਆਲੂ ਹੈ। ਦੋਸ਼ ਨਾ ਲਾਓ ਤਾਂ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇਗਾ, ਅਤੇ ਅਪਰਾਧੀ ਨਾ ਠਹਿਰਾਓ ਤਾਂ ਤੁਸੀਂ ਅਪਰਾਧੀ ਨਾ ਠਹਿਰਾਏ ਜਾਓਗੇ। ਛੱਡ ਦਿਓ ਤਾਂ ਤੁਸੀਂ ਛੱਡੇ ਜਾਓਗੇ'' (ਲੂਕਾ 6:36, 37)। ਇਕ ਟੀਕਾਕਾਰ ਦਾ ਕਹਿਣਾ ਹੈ, ''ਜਿਵੇਂ ਅਸੀਂ ਮਾਫ਼ ਕਰਦੇ ਹਾਂ, ਕਿਉਂਕਿ ਸਾਨੂੰ ਮਾਫ਼ ਕੀਤਾ ਗਿਆ ਹੈ ਉਵੇਂ ਹੀ ਅਸੀਂ ਦੂਜਿਆਂ ਨਾਲ ਆਪਣੇ ਨਿਆਂ ਕਰਨ ਵਿਚ ਫ਼ਰਾਖ਼ਦਿਲ ਹੁੰਦੇ ਹਾਂ ਕਿਉਂਕਿ ਖ਼ੁਦਾ ਨੇ ਸਾਡੇ ਨਾਲ ਫ਼ਰਾਕਦਿਲੀ ਨਾਲ ਵਰਤਿਆ ਹੈ।''[1]

**ਆਇਤ 2.** ਯਿਸੂ ਨੇ ਨਿਆਂ ਕਰਨ ਜਾਂ ਦੋਸ਼ ਲਾਉਣ ਦੇ ਖ਼ਿਲਾਫ਼ ਆਪਣੇ ਹੁਕਮ ਦਾ ਅਧਾਰ ਦਿੱਤਾ: **''ਕਿਉਂ ਜੋ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ।''** ਇਹ ਆਇਤ ਕਵਿਤਾ ਦੇ ਅੰਦਾਜ਼ ਵਿਚ ''ਦੋਸ਼'' (*krimati krinete krithesesthe*) ਅਤੇ ''ਮਿਣਦੇ'' (*metroi metreite metrethesetai*) ਸ਼ਬਦਾਂ ਦੇ ਦੁਹਰਾਏ ਜਾਣ ਦੀ ਵਰਤੋਂ ਕਰਦੀ ਹੈ। ਇਸ ਦਾ ਲਫ਼ਜ਼ੀ ਮਾਇਨਾ ਇਹ ਹੋਵੇਗਾ ''ਕਿਉਂਕਿ ਜਿਸ ਨਾਪ ਨਾਲ ਤੁਸੀਂ ਨਿਆਂ ਕਰਦੇ ਹੋ, ਤੁਹਾਡਾ ਨਿਆਂ ਵੀ ਉਸੇ ਨਾਲ ਹੋਵੇਗਾ; ਅਤੇ ਜਿਸ ਨਾਪ ਨਾਲ ਤੁਸੀਂ ਨਾਪਦੇ ਹੋ, ਉਸੇ ਨਾਲ ਤੁਹਾਡੇ ਲਈ ਵੀ ਨਾਪਿਆ ਜਾਵੇਗਾ।''

ਇਸ ਆਇਤ ਵਿਚ ਸਮਾਨ-ਅਰਥੀ ਸਮਾਨਾਂਤਰ ਹਨ ਜਿਸ ਵਿਚ ''ਦੋਸ਼ ਲਾਉਣਾ'' ਅਤੇ ''ਮਿਣਨਾ'' ਇਕ ਦੂਜੇ ਦੇ ਬਰਾਬਰ ਹਨ। ਯਿਸੂ ਵੱਲੋਂ ਵਰਤੀ ਗਈ ਮਿਣਨ ਦੀ ਭਾਸ਼ਾ ਅਖਾਣ ਦੇ ਰੂਪ ਵਿਚ ਲਗਦੀ ਹੈ (ਵੇਖੋ ਮਰਕੁਸ 4:24; ਲੂਕਾ 6:38)। ਮਿਸ਼ਨਾਹ ਵਿਚ ਕਿਹਾ ਗਿਆ ਹੈ, ''ਜਿਸ ਨਾਪ ਨਾਲ ਬੰਦਾ ਮਿਣਦਾ ਹੈ ਉਸ ਨਾਲ ਉਹਦੇ ਲਈ ਨਾਪਿਆ ਜਾਵੇਗਾ।''[2] ਇਹ ਰੂਪਕ ਬਾਜ਼ਾਰ ਤੋਂ ਲਿਆ ਗਿਆ ਹੈ ਜਿੱਥੇ ਕੋਈ ਵੇਚਣ ਵਾਲਾ ਚੀਜ਼ਾਂ ਦੀ ਸਹੀ ਸਹੀ ਮਿਕਦਾਰ ਨੂੰ ਮਿਣਦਾ ਹੈ ਜਿਸ ਨੂੰ ਖ਼ਰੀਦਦਾਰ ਖ਼ਰੀਦਣਾ ਚਾਹੁੰਦਾ ਹੈ। ਮਾਈਕਲ ਜੇ. ਵਿਲਕਿੰਸ ਨੇ ਸਮਝਾਇਆ ਹੈ, ''ਇਹ 'ਮਾਪ' ਭਾਰ ਜਾਂ ਫ਼ਾਸਲਾ ਨਾਪਣ ਲਈ ਵਰਤੀ ਜਾਣ ਵਾਲੀ ਤੱਕੜੀ, ਭਾਂਡਾ ਜਾਂ ਛੜੀ ਹੋ ਸਕਦੀ ਹੈ, ਪਰ ਇੱਥੇ ਇਸ ਦੀ ਵਰਤੋਂ ਆਮ ਤੌਰ ਤੇ ਪ੍ਰਤੀਕ ਦੇ ਰੂਪ ਵਿਚ ਕੀਤੀ ਜਾਂਦੀ ਸੀ, ਜਿਵੇਂ ਇੱਥੇ ਹੈ (ਤੁਲਨਾ 23:32)।''[3]

ਯਿਸੂ ਵੱਲੋਂ ਮਨ੍ਹਾਂ ਕੀਤੇ ਗਏ ਨਿਆਵਾਂ ਨੂੰ ਕਰਨ ਵਿਚ ਚੌਕਸ ਰਹਿਣਾ ਜ਼ਰੂਰੀ ਹੈ। ਕਿਉਂਕਿ ਨਿਆਂ ਕਰਨ ਵਾਲੇ ਦਾ ਨਿਆਂ ਵੀ ਉਸੇ ਮਾਪਦੰਡ ਨਾਲ ਹੋਵੇਗਾ ਜਿਸ ਨੂੰ ਉਹ ਦੂਜਿਆਂ ਦਾ ਨਿਆਂ ਕਰਨ ਲਈ ਵਰਤਦਾ ਹੈ। ਜੇ ਅਸੀਂ ਦੂਜਿਆਂ ਦਾ ਨਿਆਂ ਸਖ਼ਤੀ ਨਾਲ ਕਰਦੇ ਹਾਂ ਤਾਂ ਸਾਨੂੰ ਵੀ ਸਭ ਤੋਂ ਵੱਡੇ ਨਿਆਈਂ ਭਾਵ ਖ਼ੁਦਾ ਵੱਲੋਂ ਸਾਡਾ ਨਿਆਂ ਸਖ਼ਤੀ ਨਾਲ ਕੀਤਾ ਜਾਣ ਦੀ ਉਮੀਦ ਰੱਖਣੀ ਪਵੇਗੀ। ਟਾਲਮੁਡ ਵਿਚ ਕਿਹਾ ਗਿਆ ਹੈ, ''ਜਿਹੜਾ ਆਪਣੇ ਗੁਆਂਢੀ ਉੱਤੇ [ਰੱਬੀ] ਨਿਆਂ ਨੂੰ ਸੱਦਦਾ ਹੈ ਉਹ ਪਹਿਲਾਂ ਆਪਣੇ ਉੱਤੇ [ਆਪਣੇ ਹੀ ਪਾਪਾਂ ਲਈ] ਸਜ਼ਾ ਲਿਆਉਂਦਾ ਹੈ।''[4] ਡੇਵਿਡ ਹਿੱਲ ਨੇ ਸਮਝਾਇਆ ਹੈ, ''ਰੱਬੀਆਂ ਦੇ ਮੁਤਾਬਿਕ, ਖ਼ੁਦਾ ਸੰਸਾਰ ਦਾ ਨਿਆਂ ਦਯਾ ਅਤੇ ਨਿਆਂ ਦੇ ਦੋ 'ਮਾਪਾਂ' ਨਾਲ ਕਰਦਾ ਹੈ।''[5] ਆਦਮੀ ਨੂੰ ਦੂਜਿਆਂ ਨਾਲ ਦਿਆਲੂ ਹੋਣਾ ਚਾਹੀਦਾ ਹੈ ਤਾਂ ਜੋ ਖ਼ੁਦਾ ਉਹਦੇ ਨਾਲ ਦਿਆਲੂ ਹੋਵੇ (ਯਾਕੂਬ 2:13)।

**ਆਇਤਾਂ 3, 4.** ਯਿਸੂ ਨੇ ਆਪਣੀ ਗੱਲ ਨੂੰ ਸਮਝਾਉਣ ਲਈ ਇਸ ਦੇ ਸਬੰਧਿਤ ਦੋ ਉਦਾਹਰਣਾਂ ਦਿੱਤੀਆਂ। ਪਹਿਲੀ ਉਦਾਹਰਣ ਵਿਚ ਦੋਸ਼ ਦਾ ਮੁਲਾਂਕਣ ਹੈ (**ਵੇਖਦਾ ਹੈਂ**; 7:3), ਅਤੇ ਦੂਜੇ ਵਿਚ ਇਸ ਦਾ ਸੁਧਾਰ ( **ਕੱਢ ਸੁੱਟਾਂ**; 7:4) ਹੈ। ਇਕ ਅਰਥ ਵਿਚ ਉਸ ਨੇ ਪੁੱਛਿਆ, ''ਤੁਸੀਂ ਆਪਣੇ ਭਰਾ ਦੀ ਛੋਟੀ ਜਿਹੀ ਗਲਤੀ ਲਈ ਉਸਦੀ ਅਲੋਚਨਾ ਕਿਵੇਂ ਕਰ ਸਕਦੇ ਹੋ ਜਦ ਕਿ ਤੁਹਾਡੇ ਵਿਚ ਉਸ ਨਾਲੋਂ ਵੱਡੀ ਗਲਤੀ ਹੈ?'' ਅਨੁਵਾਦ ਹੋਏ ਸ਼ਬਦ **ਕੱਖ** ਯੂਨਾਨੀ ਭਾਸ਼ਾ ਦੇ ਸ਼ਬਦ (*karphos*) ਦਾ ਅਰਥ ਤੀਲੇ ਜਾਂ ਡੱਕੇ ਦਾ ਭੋਰਾ ਹੈ। NIV ਵਿਚ ''ਲੱਕੜੀ ਦੇ ਬੁਰਾਦੇ ਦਾ ਭੋਰਾ'' ਹੈ। ਜਦਕਿ NJV ਵਿਚ ''ਛਿਲਤਰ'' ਹੈ। ਯਿਸੂ ਨੇ ਇਸ ਬੰਦੇ ਦੀ ਜਿਸ ਤੇ ਦੋਸ਼ ਲਾਇਆ ਜਾ ਰਿਹਾ ਸੀ ਜ਼ਿੰਦਗੀ ਵਿਚ ਪਾਪ ਨੂੰ ਸਹੀ ਨਹੀਂ ਠਹਿਰਾਇਆ। ਪਰ ਉਸ ਨੇ ਉਸ ਦੇ ਛੋਟੇ ਪਾਪ ਵਿਚ ਉਸ ਦੇ ਅਲੋਚਕ ਦੀ ਜ਼ਿੰਦਗੀ ਵਿਚ ਵੱਡੇ ਪਾਪ ਨਾਲੋਂ ਫ਼ਰਕ ਕੀਤਾ। ਅਨੁਵਾਦ ਹੋਏ ਸ਼ਬਦ **ਸ਼ਤੀਰ** (*dokos*) ਦਾ ਅਰਥ ਘਰ ਦੀ ਛੱਤ ਨੂੰ ਟੇਕ ਦੇਣ ਲਈ ਵਰਤੇ ਜਾਣ ਵਾਲੇ ਲੱਕੜੀ ਦੇ ਵੱਡੇ ਸ਼ਤੀਰ ਸਣੇ ਕੁਝ ਵੀ ਹੋ ਸਕਦਾ ਹੈ। ਇੱਕੇ ਵਰਤਿਆ ਗਿਆ ਯਿਸੂ ਦਾ ਰੂਪਕ ''ਤਰਖਾਣ'' (*tekton*) ਜਾਂ ''ਮਿਸਤਰੀ'' (13:55; ਮਰਕੁਸ

6:3) ਦੇ ਰੂਪ ਵਿਚ ਉਸਦੇ ਕਈ ਸਾਲ ਕੰਮ ਕਰਨ ਤੋਂ ਲਿਆ ਗਿਆ ਹੋ ਸਕਦਾ ਹੈ।

ਉਪਦੇਸ਼ ਦੇ ਸ਼ੁਰੂਆਤੀ ਭਾਗਾਂ ਵਾਂਗ ਯਿਸੂ ਨੇ ਆਪਣੇ ਵਿਚਾਰ ਨੂੰ ਸਪੱਸ਼ਟ ਕਰਨ ਲਈ ਵਿਚ ਇਕ ਅਤਿਕਥਨੀ ਜੋੜ ਦਿੱਤੀ (ਵੇਖੋ 5:23, 24, 29, 30, 34–36, 40)। ਪਰ ਇੱਥੇ ਵਰਤੀ ਗਈ ਅਤਿਕਥਨੀ ਵਧੇਰੇ ਹਸਾਉਣ ਵਾਲੀ ਬਲਕਿ ਬੇਤੁਕੀ ਹੈ। ਸ਼ਾਇਦ ਇਸ ਨੂੰ ਸੂਈ ਦੇ ਨੱਕੇ ਵਿੱਚੋਂ ਦੀ ਊਠ ਦੇ ਨਿੱਕਲਣ (19:24) ਜਾਂ ਕਿਸੇ ਦੇ ਊਠ ਨੂੰ ਨਿਗਲ ਜਾਣ ਲਈ ਮੱਛਰ ਨੂੰ ਛਾਣਨ (23:24) ਦੇ ਯਿਸੂ ਦੇ ਰੂਪਕ ਨਾਲ ਮਿਲਾਇਆ ਜਾ ਸਕਦਾ ਹੈ। ਕ੍ਰੇਗ ਐਸ. ਕੀਨਰ ਨੇ ਟਿੱਪਣੀ ਕੀਤੀ ਹੈ, ‘‘ਜਿਵੇਂ ਕੋਈ ਨਹੀਂ ਚਾਹੇਗਾ ਕਿ ਕੋਈ ਅੰਨ੍ਹਾ ਉਸ ਨੂੰ ਟੋਏ ਵਿਚ ਲਿਜਾਵੇ (15:14; 23:16), ਉਵੇਂ ਹੀ ਕੋਈ ਕਿਸੇ ਅੱਖਾਂ ਦੇ ਅੰਨ੍ਹੇ ਡਾਕਟਰ ਤੋਂ ਨਹੀਂ ਚਾਹੇਗਾ ਕਿ ਉਹ ਉਸ ਦੀ ਅੱਖ ਦਾ ਆਪਰੇਸ਼ਨ ਕਰੇ।’’[6] ਕਿਸੇ ਦੀ ਅੱਖ ਵਿੱਚੋਂ ‘‘ਕੱਖ’’ ਜਾਂ ‘‘ਸ਼ਤੀਰ’’ ਛੋਟੇ ਜਾਂ ਵੱਡੇ ਪਾਪਾਂ ਲਈ ਅਖਾਣ ਦਾ ਤਰੀਕਾ ਰਿਹਾ ਹੋ ਸਕਦਾ ਹੈ।[7]

**ਆਇਤ 5.** ਸੁਧਾਰ ਨੂੰ ਮਿਲਾਉਂਦੇ ਹੋਏ ਯਿਸੂ ਨੇ ਇਕ ਦੂਜੀ ਉਦਾਹਰਣ ਵਰਤੀ। ਉਸ ਨੇ ਬਹੁਤੇ ਪਾਪ ਵਾਲੇ ਨੂੰ ‘‘ਕਪਟੀ’’ ਆਖਿਆ (6:2, 5 ਤੇ ਟਿੱਪਣੀਆਂ ਵੇਖੋ)। ਉਸਨੇ ਉਸ ਨੂੰ ਆਪਣੇ ਆਪ ਵਿਚ ਧਰਮੀ ਸਮਝਣ ਵਾਲੇ ਦੇ ਰੂਪ ਵਿਚ ਵਿਖਾਇਆ, ਜਿਸ ਨੂੰ ਲਗਦਾ ਹੈ ਕਿ ਉਹ ਦੂਜਿਆਂ ਨਾਲੋਂ ਬੇਹਤਰ ਹੈ। ਆਪਣੇ ਆਪ ਵਿਚ ਧਰਮੀ ਹੋਣ ਦੀ ਫਿਤਰਤ ਆਪਣੇ ਆਪ ਨੂੰ ਸਹੀ ਠਹਿਰਾਉਣ ਅਤੇ ਦੂਜਿਆਂ ਨੂੰ ਗਲਤ ਠਹਿਰਾਉਣ ਲਈ ਹੈ (ਵੇਖੋ 2 ਸਮੂਏਲ 12:1–14)। ਇਸ ਤੱਥ ਦੀ ਰੌਸ਼ਨੀ ਵਿਚ ਤਾਲਮੁਡ ਵਿਚ ਇਹ ਵਧੀਆ ਸਲਾਹ ਦਿੱਤੀ ਗਈ ਹੈ: ‘‘ਆਪਣੇ ਗੁਆਂਢੀ ਉੱਤੇ ਉਸ ਦੋਸ਼ ਨਾਲ ਤਾਅਨਾ ਨਾ ਮਾਰੋ ਜਿਹੜਾ ਤੁਹਾਡੇ ਆਪਣੇ ਅੰਦਰ ਹੈ।’’[8]

ਯਿਸੂ ਨੇ ਇਹ ਨਹੀਂ ਕਿਹਾ ਕਿ ਛੋਟੇ ਪਾਪ ਵਾਲੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ। ਇਸ ਦੀ ਥਾਂ ਉਸ ਨੇ ਕਿਹਾ, **‘‘ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਚੰਗੀ ਤਰ੍ਹਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸਕੇਂਗਾ।’’** ਵਿਚਾਰ ਇਹ ਨਹੀਂ ਹੈ ਕਿ ਅਲੋਚਨਾ ਕਰਨ ਵਾਲਾ ‘‘ਸ਼ਤੀਰ’’ ਕੱਢੇ ਤਾਂ ਜੋ ਉਹ ਆਪਣੇ ਭਰਾ ਦਾ ਨਿਆਂ ਕਰ ਸਕੇ; ਬਲਕਿ ਇਹ ਹੈ ਕਿ ਉਹ ਇਸ ਲਈ ਇਸ ਨੂੰ ਕੱਢੇ ਤਾਂ ਜੋ ਆਪਣੇ ਭਰਾ ਦੀ ਅੱਖ ਵਿੱਚੋਂ ‘‘ਕੱਖ’’ ਕੱਢਣ ਵਿਚ ਮਦਦ ਉਹਨੂੰ ਸਾਫ਼ ਨਜ਼ਰ ਆ ਸਕੇ। ਅਜਿਹਾ ਕੱਖ ਕੱਢਣ ਦੀ ਯੋਗਤਾ ਕਿਸੇ ਦੀ ਆਪਣੀ ਧਾਰਮਿਕਤਾ ਵਿਚ ਨਹੀਂ ਬਲਕਿ ਉਸ ਪਿਆਰ ਵਿਚ ਹੁੰਦੀ ਹੈ ਜਿਹੜਾ ਗਲਤ ਕਰਨ ਵਾਲੇ ਭਰਾ ਲਈ ਹੈ ਅਤੇ ਉਸ ਦੀ ਮਦਦ ਕਰਨ ਦੀ ਸੱਚੇ ਦਿਲੋਂ ਇੱਛਾ ਹੈ (ਲੂਕਾ 17:3; ਰੋਮੀਆਂ 15:1; ਗਲਾਤੀਆਂ 6:1; 2 ਤਿਮੋਥਿਉਸ 4:2; ਤੀਤੁਸ 1:13)।

**ਆਇਤ 6.** ਗਲਤ ਦੋਸ਼ ਲਾਉਣ ਜਾਂ ਨਿਆਂ ਕਰਨ ਤੋਂ ਦੂਰ ਰਹਿਣ ਦਾ ਹੁਕਮ ਦੇਣ ਤੋਂ ਬਾਅਦ ਯਿਸੂ ਨੇ ਆਪਣੇ ਚੇਲਿਆਂ ਨੂੰ ਇਕ ਹੋਰ ਅਹਿਮ ਫ਼ਰਕ ਕਰਨ ਲਈ ਕਿਹਾ, **‘‘ਪਵਿੱਤਰ ਵਸਤੂ ਕੁੱਤਿਆਂ ਨੂੰ ਨਾ ਪਾਓ ਅਤੇ ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ ਕਿਤੇ ਐਉਂ ਨਾ ਹੋਵੇ ਜੋ ਉਹ ਉਨ੍ਹਾਂ ਨੂੰ ਆਪਣੇ ਪੈਰਾਂ ਹੇਠ ਮਿੱਧ ਦੇਣ ਅਤੇ ਮੁੜ ਕੇ ਤੁਹਾਨੂੰ ਪਾੜਨ।’’**

ਪੁਰਾਣੇ ਜ਼ਮਾਨੇ ਵਿਚ ਕੁੱਤਿਆਂ ਨੂੰ ਘਰਾਂ ਵਿਚ ਬਿਲਕੁਲ ਨਹੀਂ ਰੱਖਿਆ ਜਾਂਦਾ ਸੀ। ਉਹ ਟੋਲੀਆਂ ਵਿਚ ਘੁੰਮਦੇ ਅਤੇ ਖਿਝਾਏ ਜਾਣ ਤੇ ਅਤੇ ਬਹੁਤੇ ਭੁੱਖੇ ਹੋਣ ਤੇ ਲੋਕਾਂ ਉੱਤੇ ਹਮਲਾ ਕਰ ਦਿੰਦੇ ਸਨ। ਜਿਸ ਕਰਕੇ ਯਹੂਦੀਆਂ ਦੇ ਮਨ ਵਿਚ ਉਨ੍ਹਾਂ ਬਾਰੇ ਬੜਾ ਹੀ ਨਕਾਰਾਤਮਕ ਵਿਚਾਰ ਸੀ (ਜ਼ਬੂਰ 22:16; ਕਹਾਉਤਾਂ 26:11; ਲੂਕਾ 16:21; 2 ਪਤਰਸ 2:22; ਪ੍ਰਕਾਸ਼ 22:15)। ਕਿਸੇ ਨੂੰ ‘‘ਕੁੱਤਾ’’ ਕਹਿਣਾ ਉਸ ਤੇ ਲਾਏ ਗਏ ਇਲਜ਼ਾਮਾਂ ਵਿੱਚੋਂ ਸਭ ਤੋਂ ਵੱਡੀ ਬੇਇੱਜ਼ਤੀ ਸੀ (1 ਸਮੂਏਲ 17:43; 2 ਸਮੂਏਲ 16:9)। ਯਹੂਦੀ ਲੋਕ ਗੈਰਕੌਮਾਂ ਨੂੰ ‘‘ਕੁੱਤੇ’’ ਆਖਦੇ ਸਨ (15:26, 27), ਅਤੇ ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਝੂਠੀ ਸਿੱਖਿਆ ਦੇਣ ਵਾਲਿਆਂ ਲਈ ਕੀਤੀ (ਫ਼ਿਲਿੱਪੀਆਂ 3:2)।

''ਪਵਿੱਤਰ ਵਸਤੁ'' (*to hagion*) ਵਾਕਅੰਸ਼ ਦੀ ਵਰਤੋਂ ਸਪਤਤੀ ਅਨੁਵਾਦ ਵਿਚ ''ਕੁਰਬਾਨੀ'' ਦੇ ਮਾਸ ਦੀ ਗੱਲ ਕਰਨ ਲਈ ਛੋਟੇ ਛੋਟੇ ਫ਼ਰਕਾਂ ਨਾਲ ਕੀਤੀ ਜਾਂਦੀ ਹੈ (ਕੂਚ 29:33, 34; ਲੇਵੀਆਂ ਦੀ ਪੋਥੀ 2:3; 22:10–16; ਗਿਣਤੀ 18:8–19)। ਕੋਈ ਖੁੱਦਾਰ ਯਹੂਦੀ ਮਾਸ ਦਾ ਟੁਕੜਾ ਜਿਸ ਨੂੰ ਖ਼ੁਦਾ ਨੂੰ ਕੁਰਬਾਨੀ ਦੇ ਰੂਪ ਵਿਚ ਚੜ੍ਹਾਇਆ ਗਿਆ ਹੋਵੇ, ਕੁੱਤੇ ਨੂੰ ਪਾਉਣ ਦੀ ਗੱਲ ਸੋਚ ਵੀ ਨਹੀਂ ਸਕਦਾ ਸੀ। ਯਿਸੂ ਇਹ ਐਲਾਨ ਕਰ ਰਿਹਾ ਸੀ ਕਿ ਖੁਸ਼ਖ਼ਬਰੀ ਭਾਵ ਇੰਜੀਲ ਦਾ ਬਹੁਤ ਆਦਰ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਕਿਸੇ ਵੀ ਐਰੇ–ਗੈਰੇ ਨੂੰ ਜਿਹੜਾ ਇਸ ਨੂੰ ਸੁਣਨ ਤੋਂ ਇਨਕਾਰ ਕਰਦਾ ਹੋਵੇ, ਬਰਬਾਦ ਨਹੀਂ ਕੀਤਾ ਜਾਣਾ ਚਾਹੀਦਾ।

ਬਾਈਬਲ ਵਿਚ ਹੋਰ ਥਾਂਵਾਂ ਤੇ ਕੁੱਤਿਆਂ ਦੇ ਨਾਲ–ਨਾਲ ਸੂਰਾਂ ਦਾ ਵੀ ਜ਼ਿਕਰ ਹੈ (2 ਪਤਰਸ 2:22)। ਉਹ ਅਸ਼ੁੱਧ ਜਾਨਵਰ ਮੰਨੇ ਜਾਂਦੇ ਸਨ (ਲੇਵੀਆਂ ਦੀ ਪੋਥੀ 11:7; ਵਿਵਸਥਾਸਾਰ 14:8) ਅਤੇ ਇਸ ਕਰਕੇ ਮੁੱਖ ਤੌਰ ਤੇ ਗੈਰਕੌਮਾਂ ਦੇ ਇਲਾਕਿਆਂ ਵਿਚ ਹੀ ਪਾਏ ਜਾਂਦੇ ਸਨ (8:30–32; ਲੂਕਾ 15:15, 16)। ਕੋਈ ਸਨਮਾਨਤ ਯਹੂਦੀ ਉਨ੍ਹਾਂ ਨੂੰ ਛੂਣ ਦੀ ਗੱਲ ਵੀ ਨਹੀਂ ਕਰਦਾ ਸੀ। ਦੋਹਾਂ ਨੇਮਾਂ ਦੇ ਅੰਤਰਾਲ ਵਿਚ ਸਿਲਿਉਸਿਡ ਟਾਇਰੇਂਟ ਐਂਟਿਓਕੁਸ ਨੇ ਯਹੂਦੀਆਂ ਨੂੰ ਸੂਰ ਦੀ ਕੁਰਬਾਨੀ ਦੇਣ ਅਤੇ ਸੂਰ ਦਾ ਮਾਸ ਖਾਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਨੇ ਵੇਖਿਆ ਕਿ ਯਹੂਦੀ ਲੋਕ ਅਜਿਹੀਆਂ ਘਿਣਾਉਣੀਆਂ ਚੀਜ਼ਾਂ ਨੂੰ ਖਾਣ ਨਾਲੋਂ ਮਰ ਜਾਣਾ ਬੇਹਤਰ ਸਮਝਦੇ ਸਨ।[9] ਯਹੂਦੀ ਲੋਕ ਸੂਰ ਨਹੀਂ ਪਾਲਦੇ ਸਨ, ਜਿਸ ਕਰਕੇ ਯਹੂਦੀ ਇਲਾਕਿਆਂ ਵਿਚ ਰਹਿਣ ਵਾਲੇ ਸੂਰ ਅਵਾਰਾ ਹੀ ਘੁੰਮਦੇ ਸਨ, ਸਾਫ਼ ਸਫ਼ਾਈ ਕਰਨ ਵਾਲਿਆਂ ਦੇ ਰੂਪ ਵਿਚ ਜਿਹੜੇ ਕੁਝ ਵੀ ਖਾ ਲੈਂਦੇ ਸਨ (ਜ਼ਬੂਰ 80:13)।

ਸੂਰਾਂ ਵਰਗੇ ਐਨੇ ਨਿਕੰਮੇ ਜਾਨਵਰਾਂ ਅੱਗੇ ਐਨੇ ਕੀਮਤੀ ਮੋਤੀ ਸੁੱਟਣਾ ਸੋਚ ਤੋਂ ਪਰ੍ਹਾਂ ਦੀ ਗੱਲ ਹੈ। ਪਵਿੱਤਰ ਭੋਜਨ ਕੁੱਤਿਆਂ ਨੂੰ ਪਾਉਣ ਦੇ ਪਿਛਲੇ ਰੂਪਕਾਂ ਵਾਂਗ ਦੋਵੇਂ ਬੇਹੱਦ ਬੇਮੇਲ ਹਨ (ਵੇਖੋ ਕਹਾਉਤਾਂ 11:22)। ਮੋਤੀ ਪੈਰਾਂ ਹੇਠ ਮਿੱਧੇ ਜਾਣੇ ਸਨ ਕਿਉਂ ਜੋ ਸੂਰਾਂ ਨੂੰ ਉਨ੍ਹਾਂ ਦੀ ਕੀਮਤ ਦੀ ਅਹਿਮੀਅਤ ਪਤਾ ਨਹੀਂ ਸੀ (ਵੇਖੋ 5:13; ਇਬਰਾਨੀਆਂ 10:29)। ਜੇ ਕੋਈ ਸੂਰਾਂ ਨੂੰ ਮੋਤੀ ਖੁਆਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਜਾਨਵਰ ਬਦਲਾ ਲੈਣ ਲਈ ਉਸ ਬੰਦੇ ਨੂੰ ਪਾੜ ਸੁੱਟਦੇ।

ਫੇਰ, ''ਪਵਿੱਤਰ ਵਸਤ'' ਵਾਂਗ ਹੀ ''ਮੋਤੀਆਂ'' ਤੋਂ ਭਾਵ ਰਾਜ ਦੀ ਖੁਸ਼ਖ਼ਬਰੀ ਹੈ (ਵੇਖੋ 13:45, 46)।[10] ਇਸ ਸੰਦਰਭ ਵਿਚ ਕੁੱਤੇ ਅਤੇ ਸੂਰ ਗੈਰਕੌਮਾਂ ਨੂੰ ਨਹੀਂ ਬਲਕਿ ਗੈਰ ਧਾਰਮਿਕ ਲੋਕਾਂ ਨੂੰ ਕਿਹਾ ਗਿਆ ਹੈ। ਉਹ ਉਨ੍ਹਾਂ ਸਭ ਲੋਕਾਂ ਲਈ ਹੈ ਜਿਹੜੇ ਇੰਜੀਲ ਦੇ ਵਿਰੋਧੀ ਹਨ, ਭਾਵੇਂ ਉਹ ਕਿਸੇ ਵੀ ਕੌਮ ਜਾਂ ਦੇਸ਼ ਦੇ ਹੋਣ। ਉਹ ਸੰਦੇਸ਼ ਲੈਣ ਦੇ ਅਯੋਗ ਹਨ ਕਿਉਂ ਜੋ ਉਹ ਪਵਿੱਤਰ ਵਸਤ ਨਾਲ ਅਪਮਾਨ ਭਰੇ ਢੰਗ ਨਾਲ ਸਲੂਕ ਕਰਦੇ ਹਨ (ਵੇਖੋ ਕਹਾਉਤਾਂ 9:7–9; 23:9)।

ਬਾਅਦ ਵਿਚ ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਜੇ ਉਹ ਕਿਸੇ ਸ਼ਹਿਰ ਜਾਂ ਘਰ ਵਿਚ ਜਾਣ ਅਤੇ ਉਨ੍ਹਾਂ ਦਾ ਸੰਦੇਸ਼ ਠੁਕਰਾ ਦਿੱਤਾ ਜਾਵੇ, ਤਾਂ ਉਹ ''ਆਪਣੇ ਪੈਰਾਂ ਦੀ ਧੂੜ ਝਾੜ'' ਕੇ ਕਿਸੇ ਦੂਜੇ ਸ਼ਹਿਰ ਜਾਂ ਘਰ ਵਿਚ ਚਲੇ ਜਾਣ ਜਿੱਥੇ ਉਨ੍ਹਾਂ ਨੂੰ ਉਨ੍ਹਾਂ ਨਾਲੋਂ ਵੱਧ ਮੰਨਣ ਵਾਲੇ ਲੋਕ ਮਿਲ ਸਕਣ (10:13, 14)। ਜਦ ਵੀ ਪੌਲੁਸ ਨੂੰ ਬੇਵਿਸ਼ਵਾਸੇ ਯਹੂਦੀਆਂ ਦਾ ਵਿਰੋਧ ਸਹਿਣਾ ਪਿਆ, ਓਹ, ਉਨ੍ਹਾਂ ਨੂੰ ਛੱਡ ਕੇ ਸੰਦੇਸ਼ ਨੂੰ ਕਬੂਲ ਕਰਨ ਵਾਲੇ ਗੈਰਕੌਮਾਂ ਨੂੰ ਦੇਣ ਚਲਾ ਗਿਆ (ਰਸੂਲਾਂ ਦੇ ਕੰਮ 13:45–52; 18:5–7; 28:23–28)।

## ਦੁਆ ਵਿਚ ਬਣੇ ਰਹਿਣਾ (7:7-11)

**7 ''ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਡੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ**

**ਖੋਲ੍ਹਿਆ ਜਾਵੇਗਾ। [8]ਕਿਉਂ ਜੋ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਡਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ। [9]ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ? [10]ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ? [11]ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ।''**

ਯਿਸੂ ਦੁਆ ਦੇ ਉਸ ਵਿਸ਼ੇ ਵੱਲ ਵਾਪਸ ਆ ਗਿਆ ਜਿਸਦੀ ਚਰਚਾ ਪਹਿਲਾਂ ਉਸਨੇ ਆਪਣੇ ਉਪਦੇਸ਼ ਵਿਚ ਕੀਤੀ ਸੀ (6:5–15)। ਉਸਨੇ ''ਮੰਗੋ,'' ''ਢੂੰਡੋ,'' ਅਤੇ ''ਖੜਕਾਓ'' ਦੀਆਂ ਤਿੰਨ ਨਸੀਹਤਾਂ ਨਾਲ ਦੁਆ ਦੀ ਗੱਲ ਸ਼ੁਰੂ ਕੀਤੀ (7:7, 8)।

ਇਹ ਜ਼ਰੂਰੀ ਗੱਲਾਂ ਦੋ ਉਦਾਹਰਣਾਂ ਵਿੱਚੋਂ ਜਿਨ੍ਹਾਂ ਵਿਚ ''ਰੋਟੀ'' ਅਤੇ ''ਮੱਛੀ'' ਲਈ ਪੁੱਤਰ ਦੀਆਂ ਬੇਨਤੀਆਂ ਦਾ ਪਿਤਾ ਦਾ ਜਵਾਬ ਹੈ (7:9, 10)। ਦੁਆ ਤੇ ਉਸ ਦੀਆਂ ਟਿੱਪਣੀਆਂ ਛੋਟੇ ਤੋਂ ਵੱਡੇ ਤਰਕ ਨਾਲ ਖ਼ਤਮ ਹੁੰਦੀਆਂ ਹਨ (''ਤਾਂ ਕਿੰਨਾਂ ਵਧੀਕ'') ਜੋ ਸੁਰਗੀ ਪਿਤਾ ਦੇ ਪਿਆਰ ਤੇ ਜ਼ੋਰ ਦਿੰਦਾ ਹੈ।

**ਆਇਤਾਂ 7, 8.** ਇਨ੍ਹਾਂ ਤਿੰਨ ਜ਼ਰੂਰੀ ਮੰਨਣ ਵਾਲੀਆਂ ਵੱਖੋ ਵੱਖ ਗੱਲਾਂ ਤੇ ਯਿਸੂ ਨੇ ਦੁਆ ਦੀ ਅਹਿਮੀਅਤ ਤੇ ਜ਼ੋਰ ਦਿੱਤਾ। ''ਮੰਗੋ'' ਦੁਆ ਦੀ ਆਮ ਗੱਲ ਹੈ (ਵੇਖੋ 21:22; ਮਰਕੁਸ 11:24; ਯੂਹੰਨਾ 14:13, 14; 15:7, 16; 16:23, 24), ਜਦਕਿ **ਢੂੰਡੋ** ਅਤੇ **ਖੜਕਾਓ** ਦੀ ਵਰਤੋਂ ਅਲੰਕਾਰਕ ਦੇ ਅਰਥ ਵਿਚ ਕੀਤੀ ਗਈ ਹੈ (ਵੇਖੋ ਪ੍ਰਕਾਸ਼ 3:20)।[11] ਆਇਤ 7 ਵਿਚ ਵਰਤੀਆਂ ਗਈਆਂ ਮੰਨਣ ਲਈ ਜ਼ਰੂਰੀ ਕਿਰਿਆਵਾਂ ਲਗਾਤਾਰ ਕੰਮ ਕੀਤਾ ਜਾਣ ਦਾ ਸੁਝਾਅ ਦਿੰਦਿਆਂ ਹਨ। JNT ਵਿਚ ''ਮੰਗਦੇ ਰਹੋ ... ਢੂੰਡਦੇ ਰਹੋ ... ਖੜਕਾਉਂਦੇ ਰਹੋ'' ਹੈ।

ਲੂਕਾ ਨੇ ਦੁਆ ਵਿਚ ਬਣੇ ਰਹਿਣ ਦੇ ਯਿਸੂ ਦੇ ਦੋ ਦ੍ਰਿਸ਼ਟਾਂਤ ਦਿੱਤੇ ਜੋ ''ਢੂੰਡਣ'' ਅਤੇ ''ਖੜਕਾਉਣ'' ਦੇ ਵਿਸ਼ਿਆਂ ਨਾਲ ਜੁੜੇ ਹਨ। ਲੂਕਾ 18:1–8 ਇਕ ਵਿਧਵਾ ਦੀ ਤਸਵੀਰ ਵਿਖਾਉਂਦਾ ਹੈ ਕਿ ਜੋ ਕਿਸੇ ਅਧਰਮੀ ਨਿਆਈਂ ਤੋਂ ਨਿਆਂ ਲੱਭਦੀ ਰਹੀ ਅਤੇ ਅਖ਼ੀਰ ਵਿਚ ਉਸਨੂੰ ਆਪਣੀ ਜ਼ਿਦ ਦਾ ਇਨਾਮ ਮਿਲ ਗਿਆ। ਲੂਕਾ 11:5–8 ਵਿਚ ਇਕ ਬੰਦਾ ਅੱਧੀ ਰਾਤ ਨੂੰ ਅਚਾਨਕ ਆਏ ਮੇਹਮਾਨ ਲਈ ਕੁਝ ਰੋਟੀ ਉਦਾਰ ਲੈਣ ਲਈ ਆਪਣੇ ਦੋਸ਼ਤ ਦੇ ਘਰ ਚਲਿਆ ਗਿਆ। ਉਸਦੇ ਢੀਠਪੁਣੇ ਕਰਕੇ ਉਸ ਦਾ ਦੋਸਤ ਬਿਸਤਰੇ ਚੋਂ ਬਾਹਰ ਆਇਆ ਅਤੇ ਉਸਨੂੰ ਜੋ ਉਸ ਦੀ ਜ਼ਰੂਰਤ ਸੀ, ਦੇ ਦਿੱਤਾ।

ਯਿਸੂ ਨੇ ਵਾਅਦਾ ਕੀਤਾ, **''ਕਿਉਂ ਜੋ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਡਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।''** ਖ਼ੁਦਾ ਦੁਆ ਦੀਆਂ ਸਾਡੀਆਂ ਅਰਜ਼ਾਂ ਦਾ ਬੁਰਾ ਨਹੀਂ ਮੰਨਦਾ, ਨਾ ਹੀ ਉਹ ਉਨ੍ਹਾਂ ਨੂੰ ਅਣਗੌਲਿਆਂ ਕਰਦਾ ਹੈ। ਉਹ ਸਾਡੇ ਲਈ ਦਰਵਾਜ਼ਾ ਖੁੱਲ੍ਹਾ ਰੱਖਦਾ ਹੈ ਅਤੇ ਸਾਨੂੰ ਸਾਡੀ ਲੋੜ ਮੁਤਾਬਿਕ ਦਿੱਤੇ ਬਗੈਰ ਕਦੇ ਖਾਲੀ ਨਹੀਂ ਮੋੜਦਾ। ਯਾਕੂਬ ਨੇ ਕਿਹਾ ਹੈ ਕਿ ਖ਼ੁਦਾ ''ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨਾਂ ਉਲਾਂਭੇ ਦੇ ਦਿੰਦਾ ਹੈ'' (ਯਾਕੂਬ 1:5)।

**ਆਇਤਾਂ 9, 10.** ਇਹ ਵਿਖਾਉਂਦੇ ਹੋਏ ਕਿ ਦੁਨਿਆਵੀ ਪਿਤਾ ਕਿਵੇਂ ਆਪਣੇ ਬੱਚਿਆਂ ਦੀਆਂ ਬੇਨਤੀਆ ਦਾ ਜਵਾਬ ਦਿੰਦੇ ਹਨ ਦੋ ਹੋਰ ਉਦਾਹਣਾਂ ਹਨ (ਇਨ੍ਹਾਂ ਨੂੰ ਸਵਾਲਾਂ ਦੇ ਰੂਪ ਵਿਚ ਵਿਖਾਇਆ ਗਿਆ ਹੈ)। ਪਹਿਲਾਂ ਯਿਸੂ ਨੇ ਪੁੱਛਿਆ, **''ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ?''** ਇਸ ਸਵਾਲ ਦਾ ਆਪਣੇ ਆਪ ਵਿਚ ਸਾਫ਼ ਜਵਾਬ ਇਹ ਹੈ ਕਿ ''ਕੋਈ ਨਹੀਂ!'' ''ਰੋਟੀ'' (ਬ੍ਰੈਡ; NIV) ਅਤੇ ''ਪੱਥਰ'' ਵਿਚ ਸਬੰਧ ਉਨ੍ਹਾਂ ਦੇ ਗੋਲ ਹੋਣ ਦਾ ਹੀ ਹੈ। ਉਜਾੜ ਵਿਚ ਯਿਸੂ ਦੀ ਪਹਿਲੀ ਅਜ਼ਮਾਇਸ਼ ਵਿਚ ਵੀ ਇਸ ਤੁਲਨਾ ਦਾ ਸੁਝਾਅ ਦਿੱਤਾ ਗਿਆ ਸੀ, ਜਿੱਥੇ ਸ਼ੈਤਾਨ ਵੱਲੋਂ ਯਿਸੂ ਨੂੰ ਪੱਥਰਾਂ ਨੂੰ ਰੋਟੀ ਵਿਚ ਬਦਲਣ ਦੀ ਬੇਨਤੀ ਕੀਤੀ

ਗਈ ਸੀ (4:3)।

ਦੁਹਰਾਅ ਦੀ ਕਲਾ ਦੀ ਵਰਤੋਂ ਕਰਦੇ ਹੋਏ ਯਿਸੂ ਨੇ ਅਜਿਹਾ ਹੀ ਇਕ ਸਵਾਲ ਪੁੱਛਿਆ: **''ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ?''** ਫੇਰ ਜਵਾਬ ਸਾਫ਼ ਹੈ ''ਨਹੀਂ!'' ਇਸ ਵਚਨ ਨੂੰ ਸਰਸਰੀ ਤੌਰ ਤੇ ਪੜ੍ਹਨ ਨਾਲ ਧਿਆਨ ਵਿਚ ਜ਼ਹਿਰੀਲਾ ਸੱਪ ਆ ਜਾਂਦਾ ਹੈ ਜੋ ਬੱਚੇ ਨੂੰ ਜ਼ਖ਼ਮੀ ਜਾਂ ਮੁਰਦਾ ਕਰ ਸਕਦਾ ਹੈ ਅਤੇ ਇਹ ਹੋ ਵੀ ਸਕਦਾ ਹੈ। ਆਖ਼ਰ *ophis* ਸ਼ਬਦ ਖ਼ਾਸ ਤੌਰ ਤੇ ਨਵੇਂ ਨੇਮ ਵਿਚ ਸੱਪਾਂ ਵਾਸਤੇ ਹੀ ਹੈ (ਮਰਕੁਸ 16:18; 1 ਕੁਰਿੰਥੀਆਂ 10:9)। ਪਰ ਇਕ ਹੋਰ ਸੰਭਾਵਨਾ ਇਹ ਹੈ ਕਿ ਇੱਥੇ ਇਹ ਹਵਾਲਾ ਗਲੀਲ ਦੀ ਝੀਲ ਵਿਚ ਮਿਲਣ ਵਾਲੀ ਬਾਮ ਜਾਂ ਗਰ੍ਹੋਜ ਵਰਗੀ ਮੱਛੀ ਨੂੰ ਸੱਪ ਕਹਿਣਾ ਆਮ ਗੱਲ ਹੈ।[12] ਐਡਵਿਨ ਫਰਮੇਜ ਨੇ ਤਰਕ ਦਿੱਤਾ ਹੈ ਕਿ ਕਈ ਪੁਰਾਣੀਆਂ ਸੱਭਿਅਤਾਵਾਂ ਵਿਚ ਸੱਪ ਵਰਗੀ ਲੱਗਣ ਵਾਲੀ ਮੱਛੀ ਨੂੰ ਸੱਪ ਕਹਿਣਾ ਆਮ ਸੀ। ਇੱਥੇ ''ਸੱਪ'' ਉੱਪਰ ਦਿੱਤੇ ਪੱਥਰ ਵਾਂਗ ਹੀ ਖਾਣ ਦੇ ਅਯੋਗ ਹੀ ਹੋਵੇਗਾ। ਲੇਵੀਆਂ ਦੀ ਪੋਥੀ 11:9–12 ਵਿਚ ਯਹੂਦੀਆਂ ਨੂੰ ਅਜਿਹੀ ਕਿਸੇ ਵੀ ਮੱਛੀ ਦੇ ਖਾਣ ਦੀ ਮਨਾਹੀ ਸੀ ਜਿਸ ਦੇ ਖੰਭ ਅਤੇ ਚਾਨੇ ਨਾ ਹੋਣ।

ਰੋਟੀ ਅਤੇ ਮੱਛੀ ਗਲੀਲ ਦੀ ਝੀਲ ਦੇ ਨੇੜੇ ਤੇੜੇ ਦੇ ਸੰਘਣੀ ਅਬਾਦੀ ਵਾਲੇ ਭਾਗਾਂ ਵਿਚ ਪਾਏ ਜਾਣ ਵਾਲੇ ਆਮ ਭੋਜਨਾਂ ਨੂੰ ਦਿਖਾਉਂਦਾ ਹੈ। ਜਦ ਯਿਸੂ ਨੇ ਮੋਅਜਜ਼ੇ ਰਾਹੀਂ ਪੰਜ ਹਜ਼ਾਰ ਅਤੇ ਚਾਰ ਹਜ਼ਾਰ ਲੋਕਾਂ ਨੂੰ ਖੁਆਇਆ ਸੀ, ਉਸ ਵਕਤ ਉਨ੍ਹਾਂ ਦੇ ਭੋਜਨ ਵਿਚ ਰੋਟੀ ਅਤੇ ਮੱਛੀ ਹੀ ਸੀ (14:15–21; 15:32–38)। ਲੂਕਾ ਦੇ ਵਿਰਤਾਂਤ ਵਿਚ ਜੋੜਿਆ ਗਿਆ ਹੈ ਕਿ ਯਿਸੂ ਨੇ ਇਹ ਵੀ ਕਿਹਾ, ''ਯਾ ਜੇ ਆਂਡਾਂ ਮੰਗੇ ਤਾਂ ਉਹਨੂੰ ਬਿੱਛੂ ਦੇਵੇਗਾ'' (ਲੂਕਾ 11:12)। ਬਿੱਛੂ ''ਢਿੱਡ ਭਾਰ ਚੱਲਣ ਵਾਲੀਆਂ ਚੀਜ਼ਾਂ ਦੀ ਅਸ਼ੁੱਧ ਕਿਸਮ ਵਿੱਚੋਂ ਹੈ (ਲੇਵੀਆਂ ਦੀ ਪੋਥੀ 11:29–31), ਅਤੇ ਇਸ ਕਰਕੇ ਇਸੇ ਅਧਾਰ ਤੇ ਉਨ੍ਹਾਂ ਨੂੰ ਭੋਜਨ ਦੇ ਰੂਪ ਵਿਚ ਇਸ ਨੂੰ ਖਾਣ ਦੀ ਮਨਾਹੀ ਸੀ। ਬਿੱਛੂਆਂ ਦੀ ਇਕ ਨਸਲ ਦਾ ਬਾਹਰੀ ਹਿੱਸਾ ਸਖ਼ਤ ਖੋਪੜੀ ਵਾਲਾ ਹੁੰਦਾ ਸੀ ਜੋ ਉਨ੍ਹਾਂ ਦੇ ਸੌਣ ਵੇਲੇ ਇਕੱਠਾ ਹੋਣ ਤੇ ਆਂਡਿਆਂ ਵਰਗਾ ਲਗਦਾ ਸੀ। ਜੇ ਕੋਈ ਇਸ ਤਰ੍ਹਾਂ ਦੇ ਬਿੱਛੂ ਨੂੰ ਆਂਡਾ ਸਮਝਣ ਦੀ ਗਲਤੀ ਕਰੇ ਅਤੇ ਉਸ ਨੂੰ ਖਾਣ ਲਈ ਪਕਾਉਣ ਵਾਸਤੇ ਚੁੱਕ ਲਵੇ ਤਾਂ ਉਸ ਨੂੰ ਖ਼ਤਰਨਾਕ ਜ਼ਖ਼ਮ ਮਿਲ ਸਕਦਾ ਹੈ।

**ਆਇਤ 11.** ਯਿਸੂ ਦਾ ਕੱਢਿਆ ਨਿਚੋੜ ਸਪੱਸ਼ਟ ਅਤੇ ਜ਼ਬਰਦਸਤ ਹੈ: **''ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ!''** ਯਿਸੂ ਨੇ ਇਹ ਵਿਖਾਉਣ ਲਈ ਕਿ ਖ਼ੁਦਾ ਆਪਣੇ ਲੋਕਾਂ ਨਾਲ ਦਿਆਲੂ ਰਹਿੰਦਾ ਹੈ, ਛੋਟੇ ਤੋਂ ਵੱਡਾ ਤਰਕ ਵਰਤਿਆ। ਅਜਿਹਾ ਕਰਦਿਆਂ ਉਸਨੇ ਆਪਣੇ ਸੁਣਨ ਵਾਲਿਆਂ ਨੂੰ ''ਬੁਰੇ'' (*poneros*) ਆਖਿਆ। ਉਪਦੇਸ਼ ਵਿਚ ਅੱਠ ਵਾਰ ਆਉਣ ਵਾਲਾ ਇਹ ਸ਼ਬਦ (5:11, 37, 39, 45; 6:13, 23; 7:17, 18) ਇੱਥੇ ਖ਼ੁਦਾ ਦੀ ਤੁਲਨਾ ਲਈ ਵਰਤਿਆ ਗਿਆ ਹੈ। ਜੋ ਪੂਰੀ ਤਰ੍ਹਾਂ ਨਾਲ ''ਚੰਗਾ'' ਹੈ (19:17; ਵੇਖੋ 5:48)। ਖ਼ੁਦਾ ਨਾਲ ਮਿਲਾਉਣ ਤੇ ਚੰਗੇ ਤੋਂ ਚੰਗੇ ਮਾਂ ਪਿਓ ਵੀ ਬੁਰੇ ਨਜ਼ਰ ਆਉਂਦੇ ਹਨ।[14]

ਪਿਆਰ ਕਰਨ ਵਾਲਾ ਕੋਈ ਮਾਤਾ ਪਿਤਾ ਬੱਚੇ ਨਾਲ ਐਨੇ ਜ਼ਾਲਿਮਾਨਾਂ ਤਰੀਕੇ ਨਾਲ ਸਲੂਕ ਨਹੀਂ ਕਰੇਗਾ ਕਿ ਉਹ ਰੋਟੀ ਜਾਂ ਮੱਛੀ ਮੰਗੇ ਜਾਣ ਤੇ ਉਸਨੂੰ ਪੱਥਰ ਜਾਂ ਸੱਪ ਦੇ ਦੇਵੇ। ਚੰਗੇ ਮਾਂ ਪਿਓ ਆਪਣੇ ਬੱਚਿਆਂ ਲਈ ਸਿਰਫ਼ ਵਧੀਆ ਤੋਂ ਵਧੀਆ ਚੀਜ਼ਾਂ ਦੇਣੀਆਂ ਜਾਣਦੇ ਹਨ। ਮਨੁੱਖੀ ਮਾਪੇ ਆਪਣੇ ਬੱਚਿਆਂ ਦੀਆਂ ਲੋੜਾਂ ਨੂੰ ਪੂਰੀਆਂ ਕਰਨਾ ਚਾਹੁੰਦੇ ਹਨ, ਇਸ ਕਰਕੇ ਅਸੀਂ ਜਾਣਦੇ ਹਾਂ ਕਿ ਸਾਡਾ ਸੁਰਗੀ ਪਿਤਾ ਯਕੀਨਨ ਹੀ ਆਪਣੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰੇਗਾ (ਫ਼ਿਲਿੱਪੀਆਂ 4:19; ਯਾਕੂਬ 1:17; 1 ਪਤਰਸ 3:12; 5:7; 1 ਯੂਹੰਨਾ 5:14, 15)। ਖ਼ੁਦਾ ਆਪਣੇ ਬੱਚਿਆਂ ਨੂੰ ਬਰਕਤ ਦੇਣ ਦਾ ਚਾਹਵਾਨ ਹੈ। ਬਾਈਬਲ ਇਸ ਗੱਲ ਤੇ ਕੋਈ ਹੱਥ ਨਹੀਂ ਲਾਉਂਦੀ ਕਿ ਉਹ ਉਨ੍ਹਾਂ ਲਈ ਜਿਹੜੇ ਵਿਸ਼ਵਾਸ ਲਈ ਮੰਗਦੇ ਹਨ ਅਤੇ ਉਸ ਦੀ ਮਰਜ਼ੀ ਮੁਤਾਬਿਕ ਮੰਗਦੇ ਹਨ,

ਕੀ ਦੇਣ ਨੂੰ ਤਿਆਰ ਹੈ।

ਯਿਸੂ ਦੀਆਂ ਮੁੱਖ ਉਦਾਹਰਣਾਂ (ਰੋਟੀ ਅਤੇ ਮੱਛੀ) ਜਿਸਮਾਨੀ ਹਨ, ਇਸ ਕਰਕੇ ''ਚੰਗੀਆਂ ਵਸਤਾਂ'' ਵਾਕਅੰਸ਼ ਦੀ ਵਿਆਖਿਆ ਜਿਸਮਾਨੀ ਢੰਗ ਨਾਲ ਕਰਨੀ ਅਸਾਨ ਹੈ। ਪਰ ਖ਼ੁਦਾ ਆਪਣੇ ਬੱਚਿਆਂ ਦੀਆਂ ਜਿਸਮਾਨੀ ਲੋੜਾਂ ਤਾਂ ਪੂਰੀਆਂ ਕਰਦਾ ਹੀ ਹੈ (6:33), ਪਰ ਖ਼ਾਸ ਤੌਰ ਤੇ ਉਹ ਉਨ੍ਹਾਂ ਦੀਆਂ ਰੂਹਾਨੀ ਲੋੜਾਂ ਲਈ ਉਪਾਅ ਕਰਦਾ ਹੈ। ''ਚੰਗੀਆਂ ਵਸਤਾਂ'' ਦੀ ਥਾਂ ਲੂਕਾ 11:13 ਵਿਚ ''ਪਵਿੱਤਰ ਆਤਮਾ'' ਹੈ। ਚੇਲਿਆਂ ਦਾ ਮੰਗਣਾ, ਢੂੰਡਣਾ ਅਤੇ ਖੜਕਾਉਣਾ ਖ਼ਾਸ ਕਰਕੇ ਉਸ ਰੂਹਾਨੀ ਸ਼ਕਤੀ ਲਈ ਹੋ ਸਕਦਾ ਹੈ ਜਿਹੜੀ ਇਸ ਉਪਦੇਸ਼ ਵਿਚ ਪਾਈਆਂ ਜਾਣ ਵਾਲੀਆਂ ਚੁਣੌਤੀ ਭਰੀਆਂ ਸਿੱਖਿਆਵਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੋਣੀ ਸੀ (ਵੇਖੋ ਰੋਮੀਆਂ 8)।

## ਸਾਰ: ਸੁਨਹਿਰੀ ਨਿਯਮ (7:12)

**12 ''ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ ਕਿਉਂ ਜੋ ਤੁਰੇਤ ਅਤੇ ਨਬੀਆਂ ਦਾ ਇਹੋ ਮਤਲਬ ਹੈ''।**

**ਆਇਤ 12.** ਪਹਿਲਾਂ ਕਹੀਆਂ ਗਈਆਂ ਗੱਲਾਂ ਦੇ ਇਕ ਸਾਰ ਦੇ ਰੂਪ ਵਿਚ ਯਿਸੂ ਨੇ ਦੂਜਿਆਂ ਨਾਲ ਸਲੂਕ ਕਰਨ ਦੀ ਇਕ ਰੂਪਰੇਖਾ ਦਿੱਤੀ ਜਿਸ ਨੂੰ ਵਿਆਪਕ ਤੌਰ ਤੇ ''ਸੁਨਿਹਰੀ ਨਿਯਮ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਬੁਨਿਆਦੀ ਸਿਧਾਂਤ ਨੂੰ ਮਨੁੱਖਾਂ ਵਿਚ ਹੁਣ ਤਕ ਦੇ ਸਭ ਤੋਂ ਉੱਚੇ ਨੈਤਿਕ ਨਿਯਮ ਦੇ ਰੂਪ ਵਿਚ ''ਇਸ ਨੂੰ ਬੇਵਿਸ਼ਵਾਸੇ ਲੋਕਾਂ ਵੱਲੋਂ ਵੀ ਮੰਨਿਆ ਗਿਆ ਹੈ।'' ਏਸ਼ੀਆ, ਯੂਨਾਨੀ–ਰੋਮੀ ਅਤੇ ਯਹੂਦੀ ਪਿਛੋਕੜਾਂ ਵਾਲੇ ਸਾਧੂਆਂ ਅਤੇ ਦਾਰਸ਼ਨਿਕਾਂ ਨੇ ਅਜਿਹੀਆਂ ਹੀ ਸਿੱਖਿਆਵਾਂ ਦਿੱਤੀਆਂ ਹਨ। ਪਰ ਉਨ੍ਹਾਂ ਦੇ ਜ਼ਿਆਦਾਤਰ ਸਿਧਾਂਤ ਨਕਾਰਾਤਮਕ ਢੰਗ ਨਾਲ ਕਹੇ ਗਏ ਹਨ।

ਚੀਨੀ ਦਾਰਸ਼ਨਿਕ ਕਨਫ਼ਿਉਸ਼ਿਅਸ ਨੇ ਕਿਹਾ ਹੈ, ''ਜੋ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਨਾਲ ਹੋਵੇ, ਉਹ ਦੂਜਿਆਂ ਨਾਲ ਨਾ ਕਰੋ।''[15] ਯੂਨਾਨੀ ਦਾਰਸ਼ਨਿਕ ਸੁਕਰਾਤ ਨੇ ਸਮਝਾਇਆ, ''ਦੂਜਿਆਂ ਦੇ ਹੱਥੋਂ ਦੁੱਖ ਮਿਲਣ ਤੇ ਜਿਹੜੀ ਵੀ ਗੱਲ ਤੁਹਾਨੂੰ ਗੁੱਸਾ ਦੁਆਏ ਉਸ ਨੂੰ ਦੂਜਿਆਂ ਨਾਲ ਨਾ ਕਰੋ।''[16] ਯੂਨਾਨੀ ਦਾਰਸ਼ਨਿਕ ਅਰਸਤੂ ਤੋਂ ਜਦ ਦੋਸਤਾਂ ਨਾਲ ਵਿਹਾਰ ਦਾ ਤਰੀਕਾ ਪੁੱਛਿਆ ਗਿਆ ਤਾਂ ਉਸ ਦਾ ਜਵਾਬ ਸੀ, ''ਜਿਵੇਂ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਨਾਲ ਕਰਨ।''[17] ਰੱਬੀ ਹਿਲੇਲ ਨੇ ਇਕ ਗੈਰਕੌਮ ਨੂੰ ਜਿਸ ਨੇ ਯਹੂਦੀ ਧਰਮ ਨੂੰ ਕਬੂਲ ਕੀਤਾ ਸੀ, ਕਿਹਾ ਦੱਸਿਆ ਜਾਂਦਾ ਹੈ, ''ਜਿਹੜੀ ਗੱਲ ਤੁਹਾਨੂੰ ਘਿਣਾਉਣੀ ਲਗਦੀ ਹੈ ਉਹ ਆਪਣੇ ਗੁਆਂਢੀਆਂ ਨਾਲ ਨਾ ਕਰੋ।''[18] ਬਾਈਬਲ ਦੀ ਅਪ੍ਰਮਾਣਿਕ ਕਿਤਾਬ ਤੌਬੀਤ ਵਿਚ ਸਲਾਹ ਹੈ, ''ਤੁਹਾਨੂੰ ਜਿਹੜੀ ਗੱਲ ਨਾਪਸੰਦ ਹੈ, ਉਸ ਨੂੰ ਕਿਸੇ ਦੂਜੇ ਨਾਲ ਨਾ ਕਰੋ।''[19] ਇਸ ਦੇ ਇਲਾਵਾ ਸੀਰਾਚ ਨਾਮਕ ਕਿਤਾਬ ਵਿਚ ਕਿਹਾ ਗਿਆ ਹੈ, ''ਆਪਣੇ ਗੁਆਂਢੀ ਦੀਆਂ ਭਾਵਨਾਵਾਂ ਨੂੰ ਆਪਣੀਆਂ ਭਾਵਨਾਵਾਂ ਨਾਲ ਜਾਂਚੋ ਅਤੇ ਹਰ ਮਾਮਲੇ ਵਿਚ ਵਿਚਾਰਵਾਨ ਹੋਵੋ।''[20] ਅਰਿਸਤਿਅਸ ਦੇ ਖ਼ਤ ਵਿਚ ਕਿਹਾ ਗਿਆ ਹੈ, ''ਜਿੱਥੋਂ ਤਕ ਤੁਸੀਂ ਨਹੀਂ ਚਾਹੁੰਦੇ ਕਿ ਬੁਰਾਈਆਂ ਤੁਹਾਡੇ ਤਕ ਆਉਣ, ਪਰ ਹਰ ਬਰਕਤ ਵਿਚ ਭਾਈਵਾਲ ਹੋਣਾ ਚਾਹੁੰਦੇ ਹੋ, (ਇਹ ਸਿਆਣਪ ਹੋਵੇਗੀ) ਕਿ ਜੇ ਤੁਸੀਂ ਇਸਨੂੰ ਆਪਣੇ ਨਾਲ ਅਮਲ ਵਿਚ ਲਿਆਓ।''[21]

ਯਿਸੂ ਦੀ ਸਿੱਖਿਆ ਨੂੰ ਸਕਾਰਾਤਮਕ ਅਰਥ ਵਿਚ ਬਿਆਨ ਕੀਤਾ ਗਿਆ ਹੈ ਅਤੇ ਇਸ ਦੇ ਕੰਮ ਕਿਸੇ ਖ਼ਾਸ ਜਮਾਤ (ਜਿਵੇਂ ਕਿਸੇ ਦੇ ਦੋਸਤਾਂ) ਤਕ ਸੀਮਤ ਨਹੀਂ ਹਨ: **''ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ।''**[22] ਜੇ ਯਿਸੂ ਨੇ ਇਹ ਗੱਲ ਨਕਾਰਾਤਮਕ ਵਿਚਾਰ ਵਿਚ ਕਹੀ ਹੁੰਦੀ ਤਾਂ ਸੁਨਹਿਰੀ ਨਿਯਮ ਕੁਝ ਨਾ ਕਰਨ ਨਾਲ ਪੂਰ ਹੋ ਸਕਦਾ

ਸੀ। ਸਕਾਰਾਤਮਕ ਰੂਪ ਸਾਨੂੰ ਦੂਜਿਆਂ ਵੱਲੋਂ ਕੰਮ ਕਰਨ ਦੀ ਪ੍ਰੇਰਣਾ ਦਿੰਦਾ ਹੈ; ਇਹ ਸਾਨੂੰ ਦੂਜਿਆਂ ਲਈ ਉਹ ਗੱਲਾਂ ਕਰਨ ਨੂੰ ਕਹਿੰਦਾ ਹੈ ਜਿਹੜੀਆਂ ਸਾਨੂੰ ਆਪਣੇ ਲਈ ਕੀਤੀਆਂ ਜਾਣੀਆਂ ਪਸੰਦ ਹਨ।[23] ਜੈਕ ਪੀ. ਲੂਈਸ ਨੇ ਕਿਹਾ ਹੈ, ''ਇਸ ਨਿਯਮ ਦਾ ਸਕਾਰਾਤਮਕ ਰੂਪ ਆਦਮੀ ਨੂੰ *[ਨੇਕ]* ਸਾਮਰੀ ਦੀਆਂ ਗਤੀਵਿਧੀਆਂ ਨਾਲ ਮਿਲਾਉਣ ਦੇ ਯੋਗ ਬਣਨ ਲਈ ਬੰਨ੍ਹਦਾ ਹੈ'' (ਲੂਕਾ 10:30)।[24]

ਯਿਸੂ ਇਹ ਸੁਨਹਿਰੀ ਨਿਯਮ ਦੇਣ ਲੱਗਿਆਂ ਤੁਰੇਤ ਅਤੇ ਨਬੀਆਂ ਦੇ ਸਾਰ ਰੂਪ ਵਿਚ ਦੇਣ ਲਈ ਇਕ ਨਵੀਂ ਸ਼ਰ੍ਹਾ ਨਹੀਂ ਦੇ ਰਿਹਾ ਸੀ। ਬਾਅਦ ਵਿਚ ਉਸ ਨੇ ''ਯਹੋਵਾਹ ਆਪਣੇ ਪਰਮੇਸ਼ੁਰ ਨੂੰ ਪਿਆਰ'' ਕਰਨ (ਵਿਵਸਥਾਸਾਰ 6:5) ਅਤੇ ''ਆਪਣੇ ਗੁਆਂਢੀ ਨਾਲ ਆਪਣੇ ਜਿੰਨਾ ਪਿਆਰ'' (ਲੇਵੀਆਂ ਦੀ ਪੋਥੀ 19:18)। ਰੱਖਣ ਦੇ ਪੁਰਾਣੇ ਨੇਮ ਦੇ ਹੁਕਮਾਂ ਦੇ ਸਬੰਧ ਵਿਚ ਅਜਿਹੀ ਹੀ ਗੱਲ ਕਹੀ। ਉਸਨੇ ਕਿਹਾ, ''ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਵਚਨ ਟਿਕੇ ਹੋਏ ਹਨ'' (22:40)। ਸੁਨਹਿਰੀ ਨਿਯਮ ਦਾ ਆਪਣਾ ਤਰਜਮਾ ਦੇਣ ਦੇ ਬਾਅਦ ਰੱਬੀ ਹਿਲੇਲ ਨੇ ਅੱਗੇ ਕਿਹਾ, ''ਇਹ ਪੂਰੀ ਤੁਰੇਤ ਹੈ ਅਤੇ ਬਾਕੀ ਇਸ ਦੀ ਵਿਆਖਿਆ।''[25] ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਯਿਸੂ ਵੱਲੋਂ ਦਿੱਤਾ ''ਗੁਆਂਢੀ ਨਾਲ ਆਪਣੇ ਵਾਂਗ ਪਿਆਰ'' ਰੱਖਣ ਦੇ ਸੁਨਹਿਰੀ ਨਿਯਮ ਨਾਲ ਮਿਲਦਾ ਜੁਲਦਾ ਹੈ (ਵੇਖੋ ਰੋਮੀਆਂ 13:8–10; ਗਲਾਤੀਆਂ 5:14)।

ਆਇਤ 12, ਜਿਸ ਦਾ ਪਰਿਚੈ ਸੋ ਸ਼ਬਦ ਨਾਲ ਕਰਵਾਇਆ ਗਿਆ ਹੈ, ਪਹਾੜੀ ਉਦੇਸ਼ ਦੇ ਸਾਰ ਦਾ ਕੰਮ ਕਰ ਸਕਦੀ ਹੈ। ਤੁਰੇਤ ਅਤੇ ਯਿਸੂ ਦੀਆਂ ਸਿੱਖਿਆਵਾਂ ਨੂੰ ਸੁਨਹਿਰੀ ਨਿਯਮ ਦੀ ਐਨਕ ਵਿੱਚੋਂ ਦੀ ਵੇਖਿਆ ਜਾਣਾ ਚਾਹੀਦਾ ਹੈ। ''ਤੁਰੇਤ ਅਤੇ ਨਬੀਆਂ'' ਵਾਕਅੰਸ਼ 5:17 ਵਿਚ ਪਹਿਲਾਂ ਆਏ ਵਾਕਅੰਸ਼ ''ਤੁਰੇਤ ਯਾ ਨਬੀਆਂ'' ਨਾਲ ਮਿਲਦਾ ਹੈ। ਇਹ ਹਵਾਲੇ ਮੁੱਖ ਭਾਗ ਲਈ ਬਰੈਕਟਾਂ ਦਾ ਕੰਮ ਕਰਦੇ ਹਨ (5:17—7:12)।

## ਆਖਰੀ ਸਿੱਖਿਆਵਾਂ (7:13-27)

ਇਸ ਉਪਦੇਸ਼ ਦੇ ਸ਼ੁਰੂ ਵਿਚ ਯਿਸੂ ਨੇ ਚੇਲਿਆਂ ਨੂੰ ਦੋ ਵੱਖ–ਵੱਖ ਰਾਹਾਂ (7:13, 14), ਰੁੱਖਾਂ ਦੀਆਂ ਦੋ ਕਿਸਮਾਂ (7:15–20), ਚੇਲਿਆਂ ਦੀਆਂ ਦੋ ਕਿਸਮਾਂ (7:21–23), ਅਤੇ ਦੋ ਤਰ੍ਹਾਂ ਦੇ ਮਿਸਤਰੀਆਂ ਦੀ ਇਕ ਲੜੀ ਦਿੱਤੀ ਜਿਸ ਵਿੱਚੋਂ ਉਨ੍ਹਾਂ ਲਈ ਫ਼ਰਕ ਚੁਣਨਾ ਜ਼ਰੂਰੀ ਸੀ (7:24–27)। ਆਰ. ਟੀ. ਫ੍ਰਾਂਸ ਨੇ ਲਿਖਿਆ ਹੈ, ''ਹਰ ਇਕ ਅਸਲ ਅਤੇ ਨਕਲ ਵਿਚ ਫ਼ਰਕ ਵਿਖਾਉਂਦਾ ਹੈ ਅਤੇ ਇਹ ਅਸਲ ਚੇਲਿਆਂ ਦੇ ਕੰਮ ਵਿਚ ਨਹੀਂ ਬਲਕਿ ਉਨ੍ਹਾਂ ਦੇ ਹੁਨਰ ਵਿਚ ਮਿਲਦਾ ਹੈ।''[26] ਜ਼ੋਰ ਸਹੀ ਜਵਾਬ ਦੇਣ ਤੇ ਦਿੱਤਾ ਜਾਂਦਾ ਹੈ। ਯੂਨਾਨੀ ਕਿਰਿਆ ਸ਼ਬਦ *poieo* ਜਿਸ ਦਾ ਅਨੁਵਾਦ ਆਮ ਤੌਰ ਤੇ ''ਬਣਾਉਣਾ'' ਜਾਂ ''ਕਰਨਾ'' ਕੀਤਾ ਜਾਂਦਾ ਹੈ, ਹੁਕਮ ਮੰਨਣ ਨਾਲ ਸਬੰਧਿਤ ਇਸ ਭਾਗ ਵਿਚ ਨੌਂ ਵਾਰ ਮਿਲਦਾ ਹੈ।

### ਦੋ ਵੱਖੋ ਵੱਖ ਰਾਹ (7:13, 14)

**13 ''ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। 14ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।''**

**ਆਇਤਾਂ 13, 14.** ਯਿਸੂ ਨੇ ਆਪਣੇ ਚੇਲਿਆਂ ਨੂੰ **ਭੀੜੇ ਫਾਟਕ** ਤੋਂ ਵੜਨ ਲਈ ਆਖਿਆ। ਇੱਥੇ ''ਸੌੜਾ'' ਲਈ ਵਰਤਿਆ ਗਿਆ ਯੂਨਾਨੀ ਭਾਸ਼ਾ ਦਾ ਸ਼ਬਦ (*stenos*) ''ਬੇਹਦ ਮੁਸ਼ਕਿਲ''

ਦਾ ਸੁਝਾਅ ਦਿੰਦਾ ਹੈ ਜਿਵੇਂ ਕਿਸੇ ਨੂੰ ''ਢੱਕਣ ਵਿਚ ਤੁੰਨਿਆ'' ਜਾ ਰਿਹਾ ਹੋਵੇ। ਤੰਗ ਦਰਵਾਜ਼ੇ ਦੇ ਦ੍ਰਿਸ਼ਟਾਂਤ ਵਾਲੀ ਆਪਣੀ ਚਰਚਾ ਵਿਚ ਯਿਸੂ ਨੇ ਆਖਿਆ, ''ਤੁਸੀਂ ਭੀੜੇ ਬੂਹੇ ਤੋਂ ਵੜਨ ਦਾ ਵੱਡਾ ਜਤਨ ਕਰੋ ਕਿਉਂ ਜੋ ਮੈਂ ਤੁਹਾਨੂੰ ਆਖਦਾ ਹੈ ਕਿ ਬਥੇਰੇ ਵੜਨ ਨੂੰ ਚਾਹੁਣਗੇ ਪਰ ਵੜ ਨਾ ਸਕਣਗੇ'' (ਲੂਕਾ 13:24)। ''ਜਤਨ ਕਰੋ'' ਲਈ ਯੂਨਾਨੀ ਭਾਸ਼ਾ ਦਾ ਸ਼ਬਦ (*agonizomai*) ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''*agonize*'' (ਤਸੀਹਾ) ਅਤੇ ''*anguish*'' (ਸੰਤਾਪ) ਨਿਕਲੇ ਹਨ। ਭਾਵ ਇਹ ਕਿ ਸੁਰਗ ਵਿਚ ਵੜਨ ਲਈ ਬਹੁਤ ਕੋਸ਼ਿਸ਼ ਦੀ ਲੋੜ ਹੈ (ਵੇਖੋ 5:20; 19:24)।

**ਵੜੋ** ਲਈ ਇੱਥੇ ਵਰਤਿਆ ਗਿਆ ਸ਼ਬਦ (*eishelthate*) ਖ਼ਾਸ ਕੰਮ ਦੀ ਮੰਗ ਕਰਦੇ ਹੋਏ ਜ਼ਰੂਰ ਮੰਨਣ ਦੀ ਆਮ ਹਾਲਤ ਵਿਚ ਭਾਵ ਇਹ ਹੁਕਮ ਹੈ। ਜਦ ਯਿਸੂ ਨੇ ਇਹ ਸ਼ਬਦ ਕਹੇ ਤਾਂ ਉਸਨੇ ਚਿਤਾਵਨੀ ਦੇ ਰੂਪ ਵਿਚ ਨਹੀਂ ਬਲਕਿ ਸਿੱਖਿਆ ਜਾਂ ਸੱਦੇ ਦੇ ਰੂਪ ਵਿਚ ਕਹੇ। ਉਹ ਉਨ੍ਹਾਂ ਸਾਰਿਆਂ ਦਾ ਜਿਨ੍ਹਾਂ ਨੇ ਉਹਦੇ ਕੋਲ ਆਉਣਾ ਸੀ, ਸੁਆਗਤ ਕਰ ਰਿਹਾ ਸੀ।

ਭੀੜੇ ਫ਼ਾਟਕ ਰਾਹੀਂ ਵੜਨ ਵਾਲੇ ਲੋਕ ਉਸ **ਰਾਹ** ਵਿਚ ਦੀ ਵੀ ਜਾਣਗੇ ਜਿਹੜਾ **ਸੌੜਾ ਹੈ**। ਯੂਨਾਨੀ ਸ਼ਬਦ (*thlibo*) ਜਿਸ ਦਾ ਅਨੁਵਾਦ ''ਸੌੜਾ ਹੈ'' ਹੋਇਆ ਹੈ ਦਾ ਅਰਥ ''ਸੁੰਗੜਿਆ,'' ''ਸੀਮਤ,'' ਅਤੇ ''ਦੁੱਖ ਦੇਣ ਵਾਲਾ'' ਵੀ ਹੋ ਸਕਦਾ ਹੈ। ਯਿਸੂ ਦੇ ਚੇਲਿਆਂ ਨੇ ਜਿਸ ਰਾਹ ਤੇ ਚੱਲਣਾ ਸੀ ਉਹ ਮੁਸ਼ਕਿਲਾਂ, ਸੰਘਰਸ਼ਾਂ ਅਤੇ ਇੱਥੋਂ ਤਕ ਕਿ ਸਤਾਵਾਂ ਨਾਲ ਭਰਿਆ ਹੋਣਾ ਸੀ। ਫ਼ਲਿਸਤੀਨ ਦੇ ਪੁਰਾਣੇ ਰਾਹ ਯਿਸੂ ਦੇ ਰੂਪਕ ਦੇ ਪਿਛੋਕੜ ਦਾ ਕੰਮ ਕਰਦੇ ਹਨ। ਰੌਬਰਟ ਐਚ. ਗੁੰਡਰੀ ਨੇ ਲਿਖਿਆ ਹੈ, ''ਤੁਲਨਾਤਮਕ ਤੌਰ ਤੇ ਮੈਦਾਨੀ ਦੇਸ਼ ਵਿਚ ਚੌੜੇ ਰਾਹ ਸਫ਼ਰ ਨੂੰ ਅਸਾਨ ਬਣਾ ਦਿੰਦੇ ਹਨ। ਪਰ ਪਹਾੜੀ ਇਲਾਕੇ ਦੇ ਤੰਗ ਰਾਹ ਸਫ਼ਰ ਨੂੰ ਮੁਸ਼ਕਿਲ ਬਣਾ ਦਿੰਦੇ ਸਨ।''[27]

ਯਿਸੂ ਦੇ ਰੂਪਕ ਵਿਚ ਭੀੜਾ ਫਾਟਕ ਅਤੇ ਸੌੜਾ ਰਾਹ ਇਕ ਦੂਜੇ ਨਾਲ ਕਿਵੇਂ ਜੁੜਦੇ ਹਨ? ਫ਼ਰਾਸ਼ ਨੇ ਪੁੱਛਿਆ, ''ਭਲਾ 'ਭੀੜਾ ਫਾਟਕ' ਸ਼ੁਰੂ ਵਿਚ ਹੈ ਜਾਂ 'ਔਖੇ ਰਾਹ' ਦੇ ਅਖ਼ੀਰ ਵਿਚ? ਜਾਂ ਔਖੇ ਰਾਹ ਨੂੰ ਸ਼ਾਇਦ ਫਾਟਕ ਵਿੱਚੋਂ ਦੀ ਰਾਹ ਦੇ ਰੂਪ ਵਿਚ ਵੇਖਿਆ ਜਾਵੇ, ਤਾਂ ਜੋ ਦੋਵੇਂ ਰੂਪਕ ਮਿਲ ਜਾਣ?''[28] ਇਨ੍ਹਾਂ ਸਵਾਲਾਂ ਦੇ ਜਵਾਬ ਜੋ ਵੀ ਹੋਣ ਪਰ ਯਿਸੂ ਦੀ ਗੱਲ ਸਾਫ਼ ਹੈ। ਉਸਨੇ ਲੋਕਾਂ ਨੂੰ ਜ਼ਿੰਦਗੀ ਦੇ ਦੋ ਬਦਲਵੇਂ ਰਾਹਾਂ ਵਿੱਚੋਂ ਇਕ ਨੂੰ ਸੁਣਨ ਲਈ ਆਖਿਆ। ਜਿਨ੍ਹਾਂ ਵਿੱਚ ਦੋਹਾਂ ਦੀਆਂ ਮੰਜ਼ਿਲਾਂ ਨਾਟਕੀ ਤੌਰ ਤੇ ਵੱਖੋ ਵੱਖ ਹਨ। ਇਕ ਹਮੇਸ਼ਾ ਰਹਿਣ ਵਾਲੇ **ਜੀਉਣ** ਨੂੰ ਜਾਂਦਾ ਹੈ ਅਤੇ ਦੂਜਾ ਹਮੇਸ਼ਾ ਦੇ ਨਾਸ ਨੂੰ।[29] ਦੋਹਾਂ ਰਾਹਾਂ ਵਿੱਚੋਂ ਅਸੀਂ ਸਿਰਫ਼ ਇੱਕੋ ਰਾਹ ਤੇ ਹੀ ਚੱਲ ਸਕਦੇ ਹਾਂ। ਇਕ ਨੂੰ ਚੁਣ ਲੈਣ ਤੇ ਸਾਨੂੰ ਦੂਜੇ ਨੂੰ ਛੱਡਣਾ ਪਵੇਗਾ। ਦੋਹਾਂ ਦੀ ਸ਼ੁਰੂਆਤ ਦੋ ਵੱਖੋ ਵੱਖ ਥਾਂਵਾਂ ਤੋਂ ਹੁੰਦੀ ਹੈ, ਅੱਗੇ ਜਾ ਕੇ ਦੋਵੇਂ ਆਪੋ ਵਿਚ ਮਿਲਦੇ ਨਹੀਂ ਹਨ ਅਤੇ ਇਕ ਰਾਹ ਤੋਂ ਦੂਜੇ ਰਾਹ ਤਕ ਜਾਣ ਦਾ ਕੋਈ ਸ਼ਾਟਕਟ ਨਹੀਂ ਹੈ। ਇਸੇ ਜ਼ਿੰਦਗੀ ਵਿਚ ਸਾਨੂੰ ਫ਼ੈਸਲਾ ਲੈਣਾ ਪਵੇਗਾ ਕਿ ਅਸੀਂ ਕਿਸ ਰਾਹ ਤੇ ਚੱਲਾਂਗੇ ਅਤੇ ਅਸੀਂ ਕਿਸ ਮੰਜ਼ਿਲ ਤੇ ਪਹੁੰਚਣਾ ਚਾਹੁੰਦੇ ਹਾਂ। ਜੇ ਅਸੀਂ ਫ਼ੈਸਲਾ ਲੈਣ ਤੋਂ ਬਚਣ ਨੂੰ ਚੁਣਦੇ ਹਾਂ ਤਾਂ ਇਹ ਸੌੜੇ ਭਾਵ ਤੰਗ ਰਾਹ ਤੇ ਨਾ ਚੱਲਣ ਦਾ ਫ਼ੈਸਲਾ ਹੈ।

ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਸੌੜੇ ਰਾਹ ਤੇ ਚੱਲਣ ਲਈ ਆਖਿਆ ਕਿਉਂ ਜੋ ਇਸ ਦਾ ਬਦਲ ਖ਼ਤਰਨਾਕ ਬਰਬਾਦੀ ਵੱਲ ਲੈ ਜਾਂਦਾ ਹੈ, **''ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ।''** ''ਮੋਕਲਾ'' ਲਈ ਵਰਤੇ ਗਏ ਯੂਨਾਨੀ ਸ਼ਬਦ (*euruchoros*) ਦਾ ਮਤਲਬ ਹੈ ''ਖੁੱਲ੍ਹਾ।'' ਇਸ ਰਾਹ ਵਿਚ ਕੋਈ ਸ਼ਰਤ ਜਾਂ ਪਾਬੰਦੀ ਨਹੀਂ ਹੈ। ਇਹ ਕਿਸੇ ਤਰ੍ਹਾਂ ਦੇ ਸਮਰਪਣ, ਨੈਤਿਕਤਾ ਜਾਂ ਰੂਹਾਨੀ ਪਰਿਪੱਕਤਾ ਦੀ ਮੰਗ ਨਹੀਂ ਕਰਦਾ; ਪਰ ਇਸ ਦਾ ਆਖ਼ਰੀ ਨਤੀਜਾ ਮੌਤ ਅਤੇ ਬਰਬਾਦੀ ਹੈ (ਰੋਮੀਆਂ 6:23)। ਕਿਉਂਕਿ ਇਹ ਚੌੜਾ ਅਤੇ ਕਸ਼ਿਸ਼ ਭਰਿਆ ਹੈ ਇਸ ਕਰਕੇ **ਬਹੁਤੇ** ਇਸ ਤੇ ਚੱਲਣ ਨੂੰ ਚੁਣਦੇ ਹਨ, ਭਾਵੇਂ ਇਸ ਦਾ ਅੰਤ ਮੌਤ ਹੀ ਹੈ। ਖ਼ੁਦਾ ਦੇ ਲੋਕ ਹਮੇਸ਼ਾ ਤੋਂ ਹੀ ਘੱਟ ਗਿਣਤੀ ਵਿਚ ਰਹੇ ਹਨ (ਵੇਖੋ ਉਤਪਤ 6:1–22)।

ਇਨ੍ਹਾਂ ਆਇਤਾਂ ਦੇ ਸਬੰਧ ਵਿਚ ਡੋਨਲਡ ਏ. ਹੈਗਨਰ ਨੇ ਧਿਆਨ ਦੁਆਇਆ ਕਿ ਡੋਨਲਡ ਏ. ਹੈਗਨਰ ''ਦੋ ਰਾਹਾਂ'' ਦਾ ਰੂਪਕ ਆਮ ਤੌਰ ਤੇ ਪੁਰਾਣੇ ਨੇਮ, ਦੋਹਾਂ ਨੇਮਾਂ ਦੇ ਵਿਚਕਾਰ ਦੇ ਸਾਹਿਤ, ਖਾਰੇ ਸਮੁੰਦਰ ਦੀਆਂ ਪੱਤਰੀਆਂ, ਰੱਬੀਆਂ ਦੇ ਸਾਹਿਤ ਅਤੇ ਅਪੋਸਟਲਿਕ ਫ਼ਾਦਰਜ਼ ਦੀਆਂ ਉਦਾਹਰਣਾਂ ਵਿੱਚੋਂ ਦੁਹਰਾਉਂਦੇ ਹੋਏ ਆਮ ਤੌਰ ਤੇ ਵਰਤਿਆ ਜਾਣ ਵਾਲਾ ਅਤਿਕਥਨੀ ਦਾ ਤਰੀਕਾ ਸੀ।[30] ਨਿਰੇ ਪੁਰਾਣੇ ਨੇਮ ਵਿਚ ਹੀ ਖ਼ੁਦਾ ਦੇ ਲੋਕਾਂ ਨੂੰ ''ਬਰਕਤ'' ਅਤੇ ''ਸਰਾਪ'' (ਵਿਵਸਥਾਸਾਰ 11:26), ''ਜੀਵਨ ਅਤੇ ਭਲਿਆਈ'' ਅਤੇ ''ਮੌਤ ਅਤੇ ਬੁਰਿਆਈ'' (ਵਿਵਸਥਾਸਾਰ 30:15), ''ਯਹੋਵਾਹ'' ਅਤੇ ''ਦੇਵਤੇ'' ''ਜਿਨ੍ਹਾਂ ਦੀ ਉਪਾਸਨਾ ਤੁਹਾਡੇ ਪਿਓ ਦਾਦੇ ਕਰਦੇ ਸਨ'' (ਯਹੋਸ਼ੁਆ 24:14, 15), ਧਾਰਮਿਕਤਾ ਅਤੇ ਬੁਰਿਆਈ (ਜ਼ਬੂਰ 1:1–6), ਅਤੇ ''ਜੀਵਨ ਦਾ ਰਾਹ'' ਅਤੇ ''ਮੌਤ ਦਾ ਰਾਹ'' (ਯਿਰਮਿਯਾਹ 21:8) ਵਿੱਚੋਂ ਚੋਣ ਕਰਨੀ ਜ਼ਰੂਰੀ ਸੀ।

**ਦੋ ਤਰ੍ਹਾਂ ਦੇ ਰੁੱਖ ਅਤੇ ਝੂਠੇ ਨਬੀਆਂ ਦਾ ਫ਼ਲ (7:15-20)**

**15 ''ਝੂਠੇ ਨਬੀਆਂ ਤੋਂ ਹੁਸ਼ਿਆਰ ਰਹੋ ਜਿਹੜੇ ਤੁਹਾਡੇ ਕੋਲ ਭੇਡਾਂ ਦੇ ਭੇਸ ਵਿਚ ਆਉਂਦੇ ਹਨ ਪਰ ਅੰਦਰੋਂ ਉਹ ਪਾੜਨ ਵਾਲੇ ਬਘਿਆੜ ਹਨ। 16ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। ਭਲਾ, ਕੰਡਿਆਲਿਆਂ ਤੋਂ ਦਾਖ ਯਾ ਊਂਟਕਟਾਰਿਆਂ ਤੋਂ ਅੰਜੀਰ ਤੋੜਦੇ ਹਨ? 17ਇਸੇ ਪਰਕਾਰ ਹਰੇਕ ਅੱਛਾ ਬਿਰਛ ਚੰਗਾ ਫਲ ਦਿੰਦਾ ਪਰ ਮਾੜਾ ਬਿਰਛ ਬੁਰਾ ਫਲ ਦਿੰਦਾ ਹੈ। 18ਅੱਛਾ ਬਿਰਛ ਬੁਰਾ ਫਲ ਨਹੀਂ ਦੇ ਸਕਦਾ ਅਤੇ ਨਾ ਮਾੜਾ ਬਿਰਛ ਚੰਗਾ ਫਲ ਦੇ ਸਕਦਾ ਹੈ। 19ਹਰੇਕ ਬਿਰਛ ਜਿਹੜਾ ਚੰਗਾ ਫਲ ਨਹੀਂ ਦਿੰਦਾ ਵੱਢਿਆ ਅਤੇ ਅੱਗ ਵਿਚ ਸੁੱਟਿਆ ਜਾਂਦਾ ਹੈ। 20ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।''**

**ਆਇਤ 15.** ਯਿਸੂ ਦੋ ਵੱਖੋਂ ਵੱਖ ਰਾਹਾਂ ਤੋਂ ਰੁੱਖਾਂ ਦੀਆਂ ਦੋ ਕਿਸਮਾਂ ਭਾਵ ਚੰਗੇ ਅਤੇ ਮਾੜੇ ਦਰੱਖ਼ਤ ਵੱਲ ਨੂੰ ਲੈ ਗਿਆ। ਉਹ ''ਝੂਠੇ ਨਬੀਆਂ'' ਤੋਂ ਖ਼ਬਰਦਾਰ ਕਰ ਰਿਹਾ ਸੀ। ਅਗਲੀ ਤਾੜਨਾ ਨਾਲ ਸਪੱਸ਼ਟ ਸਬੰਧ ਇਹ ਹੈ ਕਿ ''ਝੂਠੇ ਨਬੀ'' ਆ ਕੇ ਲੋਕਾਂ ਨੂੰ ''ਚੌੜੇ ਰਾਹ'' ਵਿਚ ਚੱਲਣ ਲਈ ਵਰਗਲਾਉਣਗੇ।

ਝੂਠੇ ਨਬੀਆਂ ਦੇ ਖ਼ਿਲਾਫ਼ ਚਿਤਾਵਨੀ ਇਸਰਾਏਲ ਦੀ ਬੁਨਿਆਦ ਵੱਲ ਨੂੰ ਪਿੱਛੇ ਚਲੀ ਜਾਂਦੀ ਹੈ। ਮੂਸਾ ਨੇ ਲੋਕਾਂ ਲਈ ਝੂਠੇ ਨਬੀ ਦੀ ਪਛਾਣ ਦੱਸੀ ਸੀ ਜਦ ਉਸ ਨੇ ਆਖਿਆ ਸੀ, ''ਜਦ ਉਹ ਨਬੀ ਯਹੋਵਾਹ ਦੇ ਨਾਮ ਉੱਤੇ ਬੋਲੇ ਅਤੇ ਉਸ ਦੀ ਗੱਲ ਪੂਰੀ ਨਾ ਹੋਵੇ, ਨਾ ਹੀ ਉਹ ਬੀਤੇ ਤਾਂ ਇਹ ਉਹ ਗੱਲ ਹੈ ਜਿਹੜੀ ਯਹੋਵਾਹ ਨਹੀਂ ਬੋਲਿਆ। ਉਹ ਨਬੀ ਹਿੱਕ–ਧੱਕੇ ਨਾਲ ਉਹ ਗੱਲ ਬੋਲਿਆ, ਤੁਸੀਂ ਉਸ ਤੋਂ ਨਾ ਡਰੋ'' (ਵਿਵਸਥਾਸਾਰ 18:22)। ਦੂਜੇ ਸ਼ਬਦਾਂ ਵਿਚ, ਜਦ ਕੋਈ ਆਦਮੀ ਜਿਹੜਾ ਨਬੀ ਹੋਣ ਦਾ ਦਾਅਵਾ ਕਰਦਾ ਹੈ, ਕੋਈ ਨਬੂਵਤ ਕਰਦਾ ਹੈ ਜਿਹੜੀ ਪੂਰੀ ਨਾ ਹੋਵੇ, ਤਾਂ ਸਾਫ਼ ਹੋ ਜਾਂਦਾ ਹੈ ਕਿ ਉਹ ਨਬੀ ਝੂਠਾ ਹੈ।

ਉਹ ਝੂਠੇ ਨਬੀ ਕਿਹੜੇ ਹਨ ਜਿਨ੍ਹਾਂ ਦੀ ਗੱਲ ਯਿਸੂ ਨੇ ਕਹੀ ਸੀ? ਕਿਉਂਕਿ ਯਿਸੂ ਯਹੂਦੀ ਸਰੋਤਿਆਂ ਨਾਲ ਗੱਲ ਕਰ ਰਿਹਾ ਸੀ, ਇਸ ਕਰਕੇ ਉਸ ਦੇ ਦਿਮਾਗ ਵਿਚ ਕਈ ਝੂਠੇ ਨਬੀ ਹੋਣਗੇ ਜਿਹੜੇ ਮਸੀਹਾ ਹੋਣ ਦਾ ਦਾਅਵਾ ਕਰਦੇ ਸਨ। ਬਾਅਦ ਵਿਚ ਉਸ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਅਰ ਬਹੁਤ ਝੂਠੇ ਨਬੀ ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਏ ਵਿਚ ਪਾ ਦੇਣਗੇ। ਕਿਉਂ ਜੋ ਝੂਠੇ ਮਸੀਹ ਅਤੇ ਝੂਠੇ ਨਬੀ ਉੱਠਣਗੇ ਅਰ ਅਜੇਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ ਕਿ ਜੋ ਹੋ ਸਕਦਾ ਤਾਂ ਉਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿਚ ਪਾ ਦਿੰਦੇ'' (24:11, 24)। ਮਸੀਹਾ

ਹੋਣ ਦੇ ਅਜਿਹੇ ਦਾਅਵੇ ਕਰਨ ਵਾਲੇ ਪਹਿਲੀ ਸਦੀ ਦੇ ਨੇੜੇ ਤੇੜੇ ਉੱਠੇ ਸਨ, ਇੱਥੋਂ ਤਕ ਕਿ ਉਨ੍ਹਾਂ ਨੇ ਰੋਮੀਆਂ ਨੂੰ ਖਦੇੜਨ ਵਾਸਤੇ ਫੌਜਾਂ ਵੀ ਜਮ੍ਹਾਂ ਕਰ ਲਈਆਂ ਸਨ। ਜਦ ਉਹ ਅਤੇ ਉਨ੍ਹਾਂ ਦੀਆਂ ਫੌਜਾਂ ਹਾਰ ਗਈਆਂ, ਤਾਂ ਇਹ ਸਾਫ਼ ਹੋ ਗਿਆ ਕਿ ਉਹ ਅਜਿਹੇ ਰਹਿਬਰ ਸਨ ਜਿਨ੍ਹਾਂ ਨੂੰ ਨਾ ਤਾਂ ਖ਼ੁਦਾ ਵੱਲੋਂ ਸੱਦਿਆ ਗਿਆ ਸੀ ਅਤੇ ਨਾ ਉਨ੍ਹਾਂ ਨੂੰ ਮਸਹ ਕੀਤਾ ਗਿਆ ਸੀ। ਰਸੂਲਾਂ ਦੇ ਕੰਮ ਵਿਚ ਤਿੰਨ ਅਜਿਹੇ ਝੂਠੇ ਦਾਅਵੇਦਾਰਾਂ ਦਾ ਜ਼ਿਕਰ ਹੈ: ਥਿਉਦਾਸ, ਯਹੂਦਾ ਗਲੀਲੀ ਅਤੇ ਮਿਸਰੀ (ਜਿਸ ਦਾ ਨਾਂਅ ਨਹੀਂ ਦਿੱਤਾ ਗਿਆ) (ਰਸੂਲਾਂ ਦੇ ਕੰਮ 5:36, 37; 21:38)।[31]

ਯਿਸੂ ਖ਼ਾਸ ਕਰਕੇ ਆਪਣੇ ਚੇਲਿਆਂ ਨੂੰ ਰਾਜ (ਕਲੀਸੀਆ) ਦੀ ਉਮੀਦ ਕਰਨ ਲਈ ਆਖ ਰਿਹਾ ਸੀ ਜਿਸ ਕਰਕੇ ਉਸ ਨੇ ਉਨ੍ਹਾਂ ਨੂੰ ਮਸੀਹੀਅਤ ਵਿਚ ਝੂਠੇ ਗੁਰੂਆਂ ਦੇ ਖ਼ਤਰਿਆਂ ਤੋਂ ਵੀ ਆਗਾਹ ਕੀਤਾ ਹੋਵੇਗਾ। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਨਵੇਂ ਨੇਮ ਦੀਆਂ ਕਿਤਾਬਾਂ ਪੂਰੀਆਂ ਹੋਣ ਤੋਂ ਪਹਿਲਾਂ, ਨਬੂਵਤ ਦਾ ਦਾਨ ਮੰਡਲੀਆਂ ਦੀ ਕਾਇਮੀ ਅਤੇ ਵਿਕਾਸ ਲਈ ਜ਼ਰੂਰੀ ਸੀ (1 ਕੁਰਿੰਥੀਆਂ 12:10, 28; 14:1–40)। ਕਲੀਸੀਆ ''ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ'' (ਅਫ਼ਸੀਆਂ 2:20) ਭਾਵ ਮਸੀਹ ਅਤੇ ਉਸਦੀ ਇੱਛਾ ਦੀ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਉਨ੍ਹਾਂ ਦੀ ਸਿੱਖਿਆ ਦੇ ਅਧਾਰ ਤੇ ਬਣੀ। ਮਸੀਹ ਨੇ ਵਫ਼ਾਦਾਰ, ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਰਸੂਲਾਂ ਅਤੇ ਨਬੀਆਂ ਨੂੰ ਭੇਜਿਆ। ਪਰ ਝੂਠੀ ਸਿੱਖਿਆ ਦੇਣ ਵਾਲਿਆਂ ਨੇ ਆਪਣੇ ਹੀ ਵਿਚਾਰਾਂ ਨੂੰ ਅਤੇ ਝੂਠੀਆਂ ਨਬੂਵਤਾਂ ਨੂੰ ਜੋੜਦੇ ਹੋਏ ਉਨ੍ਹਾਂ ਦੀ ਨਕਲ ਕਰਨੀ ਚਾਹੀ। ਇਸ ਕਰਕੇ ਕਹੇ ਗਏ ਸੰਦੇਸ਼ ਦਾ ਮੁਲਾਂਕਣ ਕੀਤਾ ਜਾਣਾ ਜ਼ਰੂਰੀ ਸੀ (1 ਕੁਰਿੰਥੀਆਂ 12:10)। ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਨੂੰ ਹਦਾਇਤ ਕੀਤੀ, ''ਆਤਮਾ ਨੂੰ ਨਾ ਬੁਝਾਓ। ਅੰਗਮ ਵਾਕਾਂ ਨੂੰ ਤੁੱਛ ਨਾ ਜਾਣੋ। ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ'' (1 ਥੱਸਲੁਨੀਕੀਆਂ 5:19–21)।

ਝੂਠੇ ਨਬੀ ਕਲੀਸੀਆ ਦੇ ਸ਼ੁਰੂਆਤੀ ਸਾਲਾਂ ਵਿਚ ਪਾਏ ਜਾਂਦੇ ਸਨ ਅਤੇ ਪੌਲੁਸ ਨੇ ਅਫ਼ਸੁਸ ਦੀ ਕਲੀਸੀਆ ਦੇ ਐਲਡਰਾਂ ਨੂੰ ਚਿਤਾਵਨੀ ਦਿੱਤੀ, ''ਮੈਂ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ'' (ਰਸੂਲਾਂ ਦੇ ਕੰਮ 20:29)। ਪਤਰਸ ਨੇ ਵੀ ਚਿਤਾਵਨੀ ਦਿੱਤੀ, ''ਤੁਹਾਡੇ ਵਿਚ ਵੀ ਝੂਠੇ ਗੁਰੂ ਹੋਣਗੇ'' (2 ਪਤਰਸ 2:1)। ਰਸੂਲ ਯੂਹੰਨਾ ਜਿਸ ਨੇ ਪਤਰਸ ਤੋਂ ਕਾਫ਼ੀ ਬਾਅਦ ਵਿਚ ਲਿਖਿਆ, ਉਸ ਨੇ ਕਿਹਾ ''ਬਾਹਲੇ ਝੂਠੇ ਨਬੀ ਸੰਸਾਰ ਵਿਚ ਨਿੱਕਲ ਆਏ ਹਨ'' (1 ਯੂਹੰਨਾ 4:1)। ਯੂਹੰਨਾ ਨੇ ਇਹ ਵੀ ਲਿਖਿਆ, ''ਜੇ ਕੋਈ ਤੁਹਾਡੇ ਕੋਲ ਆਵੇ ਅਤੇ ਇਹ ਸਿੱਖਿਆ ਨਾ ਲਿਆਵੇ ਤਾਂ ਉਸ ਨੂੰ ਘਰ ਵਿਚ ਨਾ ਉਤਾਰੋ, ਨਾ ਉਸ ਦੀ ਸੁੱਖ ਮਨਾਓ (ਸਲਾਮ ਆਖੋ)। ਕਿਉਂਕਿ ਜਿਹੜਾ ਉਸਦੀ ਸੁੱਖ ਮਨਾਉਂਦਾ (ਸਲਾਮ ਕਹਿੰਦਾ) ਹੈ ਉਹ ਉਸਦੇ ਬੁਰੇ ਕੰਮਾਂ ਦਾ ਭਾਗੀ ਬਣਦਾ ਹੈ'' (2 ਯੂਹੰਨਾ 10, 11)। ਉਹ ਉਨ੍ਹਾਂ ਲੋਕਾਂ ਦੀ ਖ਼ਾਸ ਤੌਰ ਤੇ ਗੱਲ ਕਰ ਰਿਹਾ ਸੀ ਜਿਹੜੇ ਇਹ ਸਿਖਾ ਰਹੇ ਸਨ ਕਿ ਮਸੀਹ ਦੇਹਧਾਰੀ ਹੋ ਕੇ ਨਹੀਂ ਆਇਆ। ਮਸੀਹੀਅਤ ਵਿਚ ਝੂਠੇ ਨਬੀਆਂ ਅਤੇ ਗੁਰੂਆਂ ਦੀ ਮੁਸ਼ਕਿਲ ਕਲੀਸੀਆ ਦੀ ਸ਼ੁਰੂਆਤ ਦੇ ਬਾਅਦ ਤੋਂ ਵਧੀ ਹੀ ਹੈ।[32]

ਯਿਸੂ ਨੇ ਕਿਹਾ ਕਿ ਇਹ ਝੂਠੇ ਨਬੀਆਂ ਨੇ **ਤੁਹਾਡੇ ਕੋਲ ਭੇਡਾਂ ਦੇ ਭੇਸ ਵਿਚ** ਆਉਣਾ ਸੀ **ਪਰ ਅੰਦਰੋਂ** ਉਨ੍ਹਾਂ ਨੇ **ਪਾੜਨ ਵਾਲੇ ਬਘਿਆੜ** *[ਹੋਣਾ ਸੀ]*। ਝੂਠੇ ਨਬੀਆਂ ਦਾ ਫ਼ਰੇਬ ਦੇਣ ਵਾਲਾ ਸੁਭਾਅ ਸਾਫ਼ ਹੈ। ਇਨ੍ਹਾਂ ਗੁਰੂਆਂ ਨੇ ਚਰਵਾਹੇ ਜਾਂ ਆਜੜੀ ਬਣ ਕੇ ਆਉਣਾ ਸੀ ਨਾ ਕਿ ਭੇਡਾਂ। ਇਹ ਰੂਪਕ ਉਨ੍ਹਾਂ ਨੂੰ ਭੇਡਾਂ ਦੀ ਖੱਲ ਪਾਏ ਹੋਏ ਭਾਵ ਸਚਮੁਚ ਅਸਲੀ ਚਰਵਾਹਿਆਂ ਦੇ ਰੂਪ ਵਿਚ ਵਿਖਾਉਂਦਾ ਹੈ। ਇਹ ਪਹਿਰਾਵਾ ਪੁਰਾਣੇ ਜ਼ਮਾਨੇ ਦੇ ਨਬੀਆਂ ਵਾਲਾ ਹੈ ਜਿਹੜੇ ਵਾਲਨੁਮਾ ਕੱਪੜੇ ਪਾਉਂਦੇ ਸਨ ਜਿਨ੍ਹਾਂ ਵਿਚ ਭੇਡਾਂ ਦੀ ਖੱਲ ਵੀ ਹੁੰਦੀ ਸੀ (2 ਰਾਜਿਆਂ 1:8; ਜ਼ਕਰਯਾਹ 13:4; ਮੱਤੀ 3:4; ਇਬਰਾਨੀਆਂ 11:37)।

ਇਹ ਧੋਖੇਬਾਜ਼ ਖ਼ਾਸ ਤੌਰ ਤੇ ਖ਼ਤਰਨਾਕ ਸਨ ਕਿਉਂ ਜੋ ਉਹ ਮਸੀਹ ਦੇ ਅਸਲੀ ਸੇਵਕ ਹੋਣ ਦਾ ਦਾਅਵਾ ਕਰਦੇ ਸਨ ਜਿਨ੍ਹਾਂ ਨੂੰ ਸਚਮੁਚ ਭੇਡਾਂ ਦੀ ਪਰਵਾਹ ਹੈ, ਪਰ ਉਨ੍ਹਾਂ ਦਾ ਪੂਰਾ ਮਕਸਦ ਭੇਡਾਂ ਵਾਂਗ ਇੱਜੜ ਨੂੰ ਖਾ ਜਾਣਾ ਜਾਂ ਬਰਬਾਦ ਕਰਨਾ ਅਤੇ ਤਹਿਸ ਨਹਿਸ ਕਰਨਾ ਹੁੰਦਾ ਸੀ (ਵੇਖੋ ਯੂਹੰਨਾ 10:10, 12; ਰਸੂਲਾਂ ਦੇ ਕੰਮ 20:29; 2 ਕੁਰਿੰਥੀਆਂ 11:13–15; 2 ਤਿਮੋਥਿਉਸ 3:13)। ਉਹ ਆਪਣੇ ਵਿਸ਼ਵਾਸ ਵਿਚ ਬੇਈਮਾਨ ਸਨ ਅਤੇ ਉਨ੍ਹਾਂ ਨੂੰ ਨਿੱਜੀ ਫ਼ਾਇਦਾ ਚਾਹੁਣ ਨਾਲ ਪ੍ਰੇਰਣਾ ਮਿਲਦੀ ਸੀ।

**ਆਇਤ 16.** ਯਿਸੂ ਨੇ ਐਲਾਨ ਕੀਤਾ, "**ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।**" ਅਸੀਂ ਝੂਠੇ ਨਬੀਆਂ ਨੂੰ ਕਿਵੇਂ ਪਛਾਣ ਸਕਦੇ ਹਾਂ? ਇਕ ਤਰ੍ਹਾਂ ਨਾਲ ਉਸਨੇ ਆਖਿਆ, "ਉਨ੍ਹਾਂ ਦੇ ਫਲਾਂ ਤੋਂ ਵੇਖੋ।" ਫਲ ਤੋਂ ਪਤਾ ਲਗਦਾ ਹੈ ਕਿ ਬੂਟਾ ਜਾਂ ਦਰਖ਼ਤ ਕਿਸ ਚੀਜ਼ ਦਾ ਹੈ ਕਿਉਂਕਿ ਉਸਨੂੰ ਉਹੀ ਫਲ ਲਗਦਾ ਹੈ। ਯਿਸੂ ਨੇ ਕਿਹਾ ਕਿ **ਕੰਡਿਆਲਿਆਂ ਤੋਂ ਦਾਖ** ਅਤੇ ਊਟਕਟਿਆਰਿਆਂ ਤੋਂ ਅੰਜ਼ੀਰ ਨਹੀਂ ਉਗਦੀ। ਇਸ ਦੀ ਥਾਂ ਦਾਖ ਬਿਨਾਂ ਕੰਡਿਆਂ ਵਾਲੀ ਅੰਗੂਰਾਂ ਦੀ ਵੇਲ ਨੂੰ ਹੀ ਲਗਦੀ ਹੈ ਅਤੇ ਅੰਜੀਰਾਂ ਸਿਰਫ਼ ਅੰਜੀਰ ਦੇ ਦਰੱਖਤਾਂ ਤੇ ਹੀ ਲਗਦੀਆਂ ਹਨ।

**ਆਇਤਾਂ 17, 18.** ਯਿਸੂ ਨੇ ਹੋਰ ਕਿਆ, "**ਇਸੇ ਪਰਕਾਰ ਹਰੇਕ ਅੱਛਾ ਬਿਰਛ ਚੰਗਾ ਫਲ ਦਿੰਦਾ ਪਰ ਮਾੜਾ ਬਿਰਛ ਬੁਰਾ ਫਲ ਦਿੰਦਾ ਹੈ। ਅੱਛਾ ਬਿਰਛ ਬੁਰਾ ਫਲ ਨਹੀਂ ਦੇ ਸਕਦਾ ਅਤੇ ਨਾ ਮਾੜਾ ਬਿਰਛ ਚੰਗਾ ਫਲ ਦੇ ਸਕਦਾ ਹੈ।**" ਹਿੱਲ ਨੇ ਵਿਆਖਿਆ ਕੀਤੀ ਹੈ, "ਇਹ ਆਇਤਾਂ ਕਿਸੇ ਗੱਲ ਤੇ ਜ਼ੋਰ ਦੇਣ ਦੇ ਸਾਮੀ ਢੰਗ ਨੂੰ ਵਿਖਾਉਂਦੀਆਂ ਹਨ ਕਿ ਗੱਲ ਸਕਾਰਾਤਮਕ ਢੰਗ ਨਾਲ ਕੀਤੀ ਗਈ ਹੈ (17), ਅਤੇ ਫਿਰ ਨਕਾਰਾਤਮਕ ਢੰਗ ਨਾਲ(18)।"[33] ਝੂਠੇ ਨਬੀਆਂ ਦਾ ਮਾੜਾ ਫਲ ਉਨ੍ਹਾਂ ਦੀ ਅਨੈਤਿਕ ਜੀਵਨ ਸ਼ੈਲੀ ਜਾਂ ਉਨ੍ਹਾਂ ਰਾਹੀਂ ਸਿਖਾਏ ਗਏ ਲੋਕਾਂ ਦੀਆਂ ਭਰਸ਼ਟ ਜ਼ਿੰਦਗੀਆਂ ਨੂੰ ਕਿਹਾ ਗਿਆ ਹੋ ਸਕਦਾ ਹੈ।[34] ਇਸ ਵਿਚ ਉਨ੍ਹਾਂ ਦੀ ਸਿੱਖਿਆ ਵੀ ਹੈ (ਵੇਖੋ 12:31–37; ਲੂਕਾ 6:43–45)। ਫਲ ਮਾੜਾ ਹੈ ਕਿਉਂ ਜੋ ਰੁੱਖ ਮਾੜਾ ਹੈ।

**ਆਇਤਾਂ 19, 20.** ਯਿਸੂ ਨੇ ਇਹ ਆਖਦਿਆਂ ਗੱਲ ਖ਼ਤਮ ਕੀਤੀ, "**ਹਰੇਕ ਬਿਰਛ ਜਿਹੜਾ ਚੰਗਾ ਫਲ ਨਹੀਂ ਦਿੰਦਾ ਵੱਢਿਆ ਅਤੇ ਅੱਗ ਵਿਚ ਸੁੱਟਿਆ ਜਾਂਦਾ ਹੈ।**" ਉਸ ਦੇ ਸ਼ਬਦ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਸ਼ਬਦਾਂ ਨੂੰ ਦੁਹਰਾਉਂਦੇ ਹਨ (3:10 ਤੇ ਟਿੱਪਣੀਆਂ ਵੇਖੋ)। ਫਲਦਾਰ ਰੁੱਖ ਲਾਉਣ ਵਾਲਿਆਂ ਲਈ ਰੁੱਖਾਂ ਨੂੰ ਲਗਾਤਾਰ ਛਾਂਗਦੇ ਰਹਿਣਾ ਅਤੇ ਫਲ ਨਾ ਦੇਣ ਵਾਲੀਆਂ ਟਹਿਣੀਆਂ ਨੂੰ ਕੱਟ ਦੇਣਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਨੂੰ ਫਲਦਾਰ ਬੂਟਿਆਂ ਲਈ ਜਗ੍ਹਾ ਬਨਾਉਣ ਲਈ ਫਲ ਨਾ ਦੇਣ ਵਾਲੇ ਬੂਟਿਆਂ ਨੂੰ ਵੀ ਕੱਢ ਦੇਣਾ ਜ਼ਰੂਰੀ ਹੁੰਦਾ ਹੈ (ਵੇਖੋ ਯੂਹੰਨਾ 15:2, 6)। ਇਸੇ ਤਰ੍ਹਾਂ ਨਿਆਂ ਵਾਲੇ ਦਿਨ ਝੂਠੇ ਨਬੀਆਂ ਅਤੇ ਗੁਰੂਆਂ ਨੂੰ ਅੱਡ ਕਰਕੇ ਉਨ੍ਹਾਂ ਨੂੰ ਹਮੇਸ਼ਾ ਦੀ ਅੱਗ ਵਿਚ ਸੁੱਟ ਦਿੱਤਾ ਜਾਵੇਗਾ (ਪ੍ਰਕਾਸ਼ ਦੀ ਪੋਥੀ 20:10)। ਇਸ ਵਕਤ ਹੋ ਸਕਦਾ ਹੈ ਕਿ ਉਹ ਨਿਆਂ ਤੋਂ ਬਚ ਰਹੇ ਹਨ, ਪਰ "ਉਨ੍ਹਾਂ ਉੱਤੇ ਸਜ਼ਾ ਦਾ ਹੁਕਮ ... ਢਿੱਲ ਨਹੀਂ ਕਰਦਾ ਅਤੇ ਉਨ੍ਹਾਂ ਦਾ ਨਾਸ ਉਂਗਲਾਉਂਦਾ ਨਹੀਂ" (2 ਪਤਰਸ 2:3)। **ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨਾਂ ਨੂੰ ਪਛਾਣੋਗੇ** ਨੂੰ ਜ਼ੋਰ ਦੇਣ ਲਈ ਦੁਹਰਾਇਆ ਗਿਆ ਹੈ।

**ਦੋ ਕਿਸਮ ਦੇ ਚੇਲੇ (7:21-23)**

**[21] "ਨਾ ਹਰੇਕ ਜਿਹੜਾ ਮੈਨੂੰ 'ਪ੍ਰਭੂ, ਪ੍ਰਭੂ' ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ। [22]ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੂ ! ਹੇ ਪ੍ਰਭੂ ! ਕੀ ਅਸਾਂ ਤੇਰਾ ਨਾਮ ਲੈਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈ ਕੇ ਭੂਤ**

**ਨਹੀਂ ਕੱਢੇ? ਅਤੇ ਤੇਰਾ ਨਾਮ ਲੈਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀਆਂ? [23]ਤਦ ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚੱਲੇ ਜਾਓ।''**

**ਆਇਤ 21.** ਯਿਸੂ ਨੇ ਹੁਕਮ ਮੰਨਣ ਵਾਲੇ ਅਤੇ ਹੁਕਮ ਨਾ ਮੰਨਣ ਵਾਲੇ ਚੇਲਿਆਂ ਦੀਆਂ ਦੋ ਵੱਖੋ ਵੱਖ ਕਿਸਮਾਂ ਦੀ ਤੁਲਨਾ ਜਾਰੀ ਰੱਖੀ। ਉਸਦੇ ਸ਼ਬਦ ਝੂਠੇ ਨਬੀਆਂ ਦੇ ਵਿਸ਼ੇ ਨੂੰ ਜਾਰੀ ਰੱਖਦੇ ਹੋਏ ਕਹੇ ਗਏ ਲਗਦੇ ਹਨ ਜਿਹੜੇ ਆਪਣੇ ਆਪ ਨੂੰ ਧੋਖੇ ਵਿਚ ਰੱਖੀ ਬੈਠੇ ਸਨ। ਉਹ ਨਾ ਸਿਰਫ਼ ਉਨ੍ਹਾਂ ਨੂੰ ਧੋਖਾ ਦੇ ਰਹੇ ਸਨ ਜਿਨ੍ਹਾਂ ਨੂੰ ਉਹ ਸਿਖਾ ਰਹੇ ਸਨ, ਬਲਕਿ ਅਖ਼ੀਰ ਵਿਚ ਉਨ੍ਹਾਂ ਨੂੰ ਆਪ ਵੀ ਧੋਖਾ ਸੀ।

ਯਿਸੂ ਨੇ ਮੰਨਿਆ ਕਿ ਝੂਠੇ ਨਬੀ ਵੀ ਕਈ ਵਾਰ ਸੱਚ ਬੋਲ ਦਿੰਦੇ ਹਨ। ਉਨ੍ਹਾਂ ਦਾ ਯਿਸੂ ਨੂੰ **''ਪ੍ਰਭੂ, ਪ੍ਰਭੂ''** ਕਹਿਣਾ ਉਨ੍ਹਾਂ ਵਲੋਂ ਉਸ ਦੇ ਇਖ਼ਤਿਆਰ ਅਤੇ ਖ਼ੁਦਾਈ ਨੂੰ ਮੰਨਣ ਦਾ ਸੰਕੇਤ ਸੀ। ਉਨ੍ਹਾਂ ਦਾ ਇਖ਼ਤਿਆਰ ਮੁੱਢਲੀ ਕਲੀਸੀਆ ਦੇ ਇਸ ਇਕਰਾਰ ਨਾਲ ਮਿਲਦਾ ਹੈ ਕਿ ''ਯਿਸੂ ਪ੍ਰਭੂ ਹੈ'' (ਰੋਮੀਆਂ 10:9; 1 ਕੁਰਿੰਥੀਆਂ 12:3; ਫ਼ਿਲਿੱਪੀਆਂ 2:11)। ਲੂਕਾ 6:46 ਵਿਚ ਯਿਸੂ ਨੇ ਪੁੱਛਿਆ, ''ਤੁਸੀਂ ਮੈਨੂੰ 'ਪ੍ਰਭੂ, ਪ੍ਰਭੂ' ਕਰਕੇ ਕਿਉਂ ਪੁਕਾਰਦੇ ਹੋ, ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?'' ''ਪ੍ਰਭੂ, ਪ੍ਰਭੂ'' ਕਹਿਣਾ ਇਕਰਾਰ ਆਪਣੇ ਆਪ ਵਿਚ ਕਾਫ਼ੀ ਨਹੀਂ ਹੈ। ਇੱਥੋਂ ਤਕ ਕਿ ਆਪਣੇ ਆਪ ਨੂੰ ਧੋਖੇ ਵਿਚ ਰੱਖਣ ਵਾਲੇ ਚਮਤਕਾਰ ਕਰਨ ਵਾਲੇ ਹੀ ਯਿਸੂ ਨੂੰ ਇਨ੍ਹਾਂ ਸ਼ਬਦਾਂ ਨਾਲ ਪੁਕਾਰ ਤਾਂ ਸਕਦੇ ਹਨ ਪਰ ਉਹ **ਸੁਰਗ ਦੇ ਰਾਜ ਵਿਚ ਵੜਨਗੇ** ਨਹੀਂ। ਯਿਸੂ ਨੇ ਕਿਹਾ ਕਿ ਰਾਜ ਵਿਚ ਸਿਰਫ਼ ਉਹੀ **ਵੜਨਗੇ** ਜਿਹੜੇ ਖ਼ੁਦਾ ਦੀ **ਮਰਜ਼ੀ** ਨੂੰ ਪੂਰਾ ਕਰਦੇ ਹਨ। ਜਿਹੜੇ ਲੋਕ ਬਚਾਏ ਜਾਣਾ ਚਾਹੁੰਦੇ ਹਨ ਉਨ੍ਹਾਂ ਲਈ ਕੁਝ ਸ਼ਰਤਾਂ ਨੂੰ ਪੂਰਾ ਕਰਨਾ ਜਰੂਰੀ ਹੈ। ਭਾਵ ਉਨ੍ਹਾਂ ਨੂੰ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਅਤੇ ਇਸਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਹੈ। ਯਿਸੂ ਨੇ ਕਿਹਾ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ'' (ਯੂਹੰਨਾ 14:15)। ਬਾਅਦ ਵਿਚ ਯੂਹੰਨਾ ਨੇ ਲਿਖਿਆ, ''ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹਦੇ ਹੁਕਮਾਂ ਦੀ ਪਾਲਣਾ ਕਰੀਏ ...'' (1 ਯੂਹੰਨਾ 5:3)।

**ਆਇਤ 22.** ਯਿਸੂ ਵੱਲੋਂ ਵਿਖਾਏ ਗਏ ਦ੍ਰਿਸ਼ ਵਿਚ ਝੂਠੇ ਨਬੀ (ਨਾਫ਼ਰਮਾਨ ਚੇਲੇ) **ਉਸ ਦਿਨ**[35] ਭਾਵ ਕਿਆਮਤ ਵਾਲੇ ਦਿਨ ਯਿਸੂ ਨੂੰ ਹਿਸਾਬ ਦੇ ਰਹੇ ਸਨ।[36] ਝੂਠੇ ਨਬੀਆਂ ਦੇ **ਅਗੰਮ ਵਾਕ** ਕਰਨ, **ਭੂਤ** ਕੱਢਣ ਅਤੇ **ਬਹੁਤੀਆਂ ਕਰਾਮਾਤਾਂ** ਕਰਨ ਦੀ ਯੋਗਤਾ ਦੀ ਯਿਸੂ ਵੱਲੋਂ ਨਾ ਤਾਂ ਤਸਦੀਕ ਹੋਈ ਅਤੇ ਨਾ ਇਸ ਦਾ ਇਨਕਾਰ ਕੀਤਾ ਗਿਆ। ਪਰ **''ਕੀ ਅਸਾਂ ਨਹੀਂ ਕੀਤਾ''** ਸ਼ਬਦਾਂ ਵਿਚ ਇਕ ਪੱਕੇ ਜਵਾਬ ਦਾ ਅੰਦਾਜ਼ਾ ਹੈ। ਘੱਟੋ ਘੱਟ ਉਨ੍ਹਾਂ ਨੂੰ ਇਹ ਲਗਦਾ ਸੀ ਕਿ ਉਨ੍ਹਾਂ ਨੇ ਕੀਤਾ ਹੈ। ਇਹ ਸੰਭਵ ਹੈ ਕਿ ਉਨ੍ਹਾਂ ਨੇ ਯਿਸੂ ਦਾ **ਨਾਮ ਲੈ ਕੇ** ਇਹ ਮੋਅਜਜ਼ੇ ਆਖ਼ਰ ਵਿਚ ਕੀਤੇ ਹੋਣ। ਮਰਕੁਸ 9:38, 39 ਵਿਚ ਰਸੂਲ ਯੂਹੰਨਾ ਨੇ ਯਿਸੂ ਅੱਗੇ ਇਕ ਆਦਮੀ ਦੀ ਸ਼ਿਕਾਇਤ ਕੀਤੀ ਜਿਹੜਾ ਉਸਦੇ ਨਾਂਅ ਨਾਲ ਬਦਰੂਹਾਂ ਨੂੰ ਕੱਢ ਰਿਹਾ ਸੀ, ਪਰ ਉਨ੍ਹਾਂ ਦੀ ਟੋਲੀ ਵਿੱਚੋਂ ਨਹੀਂ ਸੀ। ਰਸੂਲਾਂ ਦੇ ਕੰਮ 3:6 ਅਤੇ 9:34 ਵਿਚ ਰਸੂਲਾਂ ਨੇ ਉਨ੍ਹਾਂ ਲੋਕਾਂ ਤੇ ਜਿਨ੍ਹਾਂ ਨੇ ਕਾਮਯਾਬੀ ਨਾਲ ਉਨ੍ਹਾਂ ਨੂੰ ਚੰਗਿਆਈ ਦਿੱਤੀ ਸੀ, ਯਿਸੂ ਦਾ ਨਾਂਅ ਦੱਸਿਆ ਸੀ। ਇਕ ਮੌਕੇ ਤੇ ਕੁਝ ਯਹੂਦੀ ਆਦਮੀਆਂ ਨੇ ਆਪਣੇ ਫ਼ਾਇਦੇ ਲਈ ਯਿਸੂ ਦੇ ਨਾਂਅ ਦੀ ਵਰਤੋਂ ਕੀਤੀ ਸੀ, ਪਰ ਉਨ੍ਹਾਂ ਦੀ ਸਕੀਮ ਪੁੱਠੀ ਪੈ ਗਈ ਸੀ। ਭੂਤ ਚੰਬੜੇ ਬੰਦੇ ਨੇ ਉਨ੍ਹਾਂ ਉੱਤੇ ਹੀ ਹਮਲਾ ਕਰਕੇ ਉਨ੍ਹਾਂ ਨੂੰ ਨੰਗਾ ਅਤੇ ਜ਼ਖ਼ਮੀ ਕਰ ਦਿੱਤਾ ਸੀ (ਰਸੂਲਾਂ ਦੇ ਕੰਮ 19:13–16)।

**ਆਇਤ 23.** ਇੱਥੇ ਅਸੀਂ ਨਾਫ਼ਰਮਾਨਾਂ ਦਾ ਨਿਆਂ ਕਰਦਿਆਂ ਯਿਸੂ ਦੇ ਫ਼ੈਸਲੇ ਨੂੰ ਵੇਖਦੇ ਹਾਂ। ਇਸ ਸੰਦਰਭ ਵਿਚ **ਸਾਫ਼ ਆਖਾਂਗਾ** ਸ਼ਬਦ ਇਕ ਕਾਨੂੰਨੀ ਐਲਾਨ ਦਾ ਸੰਕੇਤ ਦਿੰਦਾ ਹੈ। ਬੇਸ਼ੱਕ ਇਨ੍ਹਾਂ ਲੋਕਾਂ ਦਾ ਖ਼ਿਆਲ ਸੀ ਕਿ ਉਹ ਯਿਸੂ ਦੇ ਚੇਲੇ ਹਨ ਅਤੇ ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਨੇ ਵੱਡੇ ਵੱਡੇ ਚਮਤਕਾਰ ਕੀਤੇ ਹਨ, ਪਰ ਉਹ ਉਸਦੇ ਅਸਲ ਚੇਲੇ ਨਹੀਂ ਸਨ।

ਯਿਸੂ ਨੇ ਉਨ੍ਹਾਂ ਨੂੰ ਸਾਫ਼ ਆਖ ਦਿੱਤਾ, **''ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ।''** ਇਹੀ ਸੋਚ ਪੰਜ

ਮੂਰਖ ਕੁਆਰੀਆਂ ਦੇ ਉਸਦੇ ਦ੍ਰਿਸ਼ਟਾਂਤ ਵਿਚ ਵਿਖਾਈ ਗਈ ਹੈ (25:12; ਵੇਖੋ ਲੂਕਾ 13:25)। ਯਿਸੂ ਦੇ ਕਹਿਣ ਦਾ ਕੀ ਮਤਲਬ ਸੀ? ਇਹ ਐਲਾਨ ਕਿ ''ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ'' ਠੁਕਰਾਉਣ ਦਾ ਇਕ ਫ਼ਾਰਮੂਲਾ ਹੈ (ਵੇਖੋ 26:70, 72, 74)। ਪੌਲੁਸ ਕਹਿੰਦਾ ਹੈ, ''ਪ੍ਰਭੂ ਆਪਣਿਆਂ ਨੂੰ ਜਾਣਦਾ ਹੈ।'' ਅੱਗੇ ਉਹ ਕਹਿੰਦਾ ਹੈ, ''ਹਰੇਕ ਜਿਹੜਾ ਪ੍ਰਭੂ ਦਾ ਨਾਮ ਲੈਂਦਾ ਹੈ ਕੁਧਰਮ ਤੋਂ ਅੱਡ ਰਹੇ'' (2 ਤਿਮੋਥਿਉਸ 2:19)।

**''ਹੇ ਬੁਰਿਆਰੋ, ਮੇਰੇ ਕੋਲੋਂ ਚਲੇ ਜਾਓ''** ਸ਼ਬਦ ਜ਼ਬੂਰ 6:8 ਦੀ ਝਲਕ ਦਿੰਦੇ ਹਨ। ਜ਼ਬੂਰਾਂ ਦੀ ਪੋਥੀ ਦੇ ਸ਼ਬਦ ਦੁੱਖ ਝਲਣ ਵਾਲੇ ਧਰਮੀਆਂ ਵੱਲੋਂ ਆਪਣੇ ਸਤਾਏ ਜਾਣ ਵਾਲਿਆਂ ਨੂੰ ਕਹੇ ਗਏ ਹਨ ਨਾ ਕਿ ਇਸ ਸੰਦਰਭ ਵਾਂਗ ਨਿਆਂ ਕਰਨ ਵਾਲੇ ਵਾਂਗ ਦੁਸ਼ਟਾਂ ਨੂੰ। ''ਮੇਰੇ ਕੋਲੋਂ ਚਲੇ ਜਾਓ'' ਇਹ ਸੰਕੇਤ ਦਿੰਦਾ ਹੈ ਕਿ ਨਾਫ਼ਰਮਾਨਾਂ ਨੂੰ ਮਿਲਣੀ ਸਜ਼ਾ ਪ੍ਰਭੂ ਦੀ ਹਜ਼ੂਰੀ ਵਿੱਚੋਂ ਨਿੱਕਲ ਜਾਣ ਦੀ ਹੈ (2 ਥੱਸਲੁਨੀਕੀਆਂ 1:9, 10; ਪ੍ਰਕਾਸ਼ 21:7, 8; 22:14, 15)। ਆਪਣੇ ਮਸੀਹ ਦੇ ਚੇਲੇ ਹੋਣ ਦਾ ਦਾਅਵਾ ਕਰਨ ਦੀ ਥਾਂ ਇਨ੍ਹਾਂ ਨਕਲੀ ਸੇਵਕਾਂ ਨੇ ''ਬੁਰਿਆਈ ਕਰਨਾ'' ਜਾਰੀ ਰੱਖਿਆ। ਯੂਨਾਨੀ ਭਾਸ਼ਾ ਵਿਚ ''ਬੁਰਿਆਰੋ'' ਲਈ ਵਰਤਮਾਨ ਕ੍ਰਿਦੰਤ ਜੇ ਉਹ ਲਗਾਤਾਰ ਕੰਮ ਬਦਕਾਰੀ ਦਾ ਸੰਕੇਤ ਦਿੰਦਾ ਹੈ। ਬੇਸ਼ੱਕ ਉਨ੍ਹਾਂ ਨੇ ਕਈ ਚੰਗੇ ਕੰਮ ਕਰਨ ਦਾ ਦਾਅਵਾ ਕੀਤਾ ਪਰ ਨਾਫ਼ਰਮਾਨ ਜ਼ਿੰਦਗੀ ਜੀ ਕੇ।

## ਦੋ ਤਰ੍ਹਾਂ ਦੇ ਬਣਾਉਣ ਵਾਲੇ (7:24-27)

**24 ''ਸੋ ਹਰੇਕ ਜੋ ਮੇਰੇ ਇਹ ਵਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ ਉਹ ਉਸ ਬੁੱਧਵਾਨ ਵਰਗਾ ਜਾਣਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ। 25ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਪਰ ਉਹ ਨਾ ਡਿੱਗਿਆ ਕਿਉਂ ਜੋ ਉਹ ਦੀ ਨਿਉਂ ਪੱਥਰ ਉੱਤੇ ਧਰੀ ਹੋਈ ਸੀ। 26ਅਤੇ ਹਰੇਕ ਜੋ ਮੇਰੇ ਇਹ ਵਚਨ ਸੁਣਦਾ ਅਤੇ ਉਨ੍ਹਾਂ ਉੱਤੇ ਨਹੀਂ ਚੱਲਦਾ ਉਹ ਉਸ ਮੂਰਖ ਵਰਗਾ ਠਹਿਰਾਇਆ ਜਾਵੇਗਾ ਜਿਹ ਨੇ ਆਪਣਾ ਘਰ ਰੇਤ ਉੱਤੇ ਬਣਾਇਆ। 27ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਅਤੇ ਉਹ ਢਹਿ ਪਿਆ ਅਤੇ ਉਹ ਦਾ ਵੱਡਾ ਨਾਸ ਹੋਇਆ।''**

**ਆਇਤ 24.** ਯਿਸੂ ਨੇ ਆਪਣੇ ਉਪਦੇਸ਼ ਨੂੰ ਸੁਣਨ ਵਾਲਿਆਂ ਨੂੰ ਦੋ ਤਰ੍ਹਾਂ ਲਈ (ਦੋ ਮਿਸਤਰੀਆਂ) ਦਾ ਦ੍ਰਿਸ਼ਟਾਂਤ ਦੇ ਕੇ ਖ਼ਤਮ ਕੀਤਾ। ਇਸ ਵਿਚ ਉਸਨੇ **ਹਰੇਕ ਜੋ ਮੇਰੇ ਇਹ ਵਚਨ ਸੁਣਦਾ** ਦੋ ਵਾਰ ਕਿਹਾ (7:24, 26)। ਪ੍ਰਭੂ ਦੀਆਂ ਗੱਲਾਂ ਉਹ ਬੁਨਿਆਦ ਹਨ ਜਿਨ੍ਹਾਂ ਉੱਤੇ ਲੋਕਾਂ ਨੂੰ ਆਪਣਾ ਚਿੱਤਰ ਬਣਾਉਣਾ ਚਾਹੀਦਾ ਹੈ। ਸਿਰਫ਼ ਸੁਣਨਾ ਹੀ ਕਾਫ਼ੀ ਨਹੀਂ ਹੈ ਬਲਕਿ ਉਸਦੀਆਂ ਗੱਲਾਂ ਉੱਤੇ **ਚੱਲਣਾ** ਵੀ ਜ਼ਰੂਰੀ ਹੈ। ਬਾਈਬਲ ਬਾਰ ਬਾਰ ਸਿਰਫ਼ ''ਸੁਣਨ'' ਦੇ ਉਲਟ ''ਕਰਨ'' ਦੀ ਅਹਿਮੀਅਤ ਤੇ ਜ਼ੋਰ ਦਿੰਦੀ ਹੈ। ਯਾਕੂਬ ਨੇ ਕਿਹਾ ਕਿ ਜਿਹੜਾ ਬੰਦਾ ਸਿਰਫ਼ ''ਵਚਨ ਦਾ ਸੁਣਨ ਵਾਲਾ'' ਹੈ ਅਤੇ ''ਕਰਨ ਵਾਲਾ'' ਨਹੀਂ, ਉਹ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ (ਯਾਕੂਬ 1:22–25)। ਸਿਰਫ਼ ਵਚਨ ਤੇ ਅਮਲ ਕਰਨ ਵਾਲੇ ਹੀ ਬਰਕਤ ਪਾਉਣਗੇ (ਵੇਖੋ ਪ੍ਰਕਾਸ਼ ਦੀ ਪੋਥੀ 1:3)।

ਯਿਸੂ ਨੇ ਉਸਦੇ ਵਚਨ ਨੂੰ ਮੰਨਣ ਵਾਲਿਆਂ ਨੂੰ **ਉਸ ਬੁੱਧਵਾਨ** ਨਾਲ ਮਿਲਾਇਆ **ਜਿਹਨੇ ਪੱਥਰ ਉੱਤੇ ਆਪਣਾ ਘਰ ਬਣਾਇਆ**। ''ਪੱਥਰ'' (*petra*) ''ਇਕ ਵੱਡੀ ਚੱਟਾਨ'' ਜਾਂ ''ਠੋਸ ਬੁਨਿਆਦੀ ਅਸੂਲ'' ਹੈ। ਅਜਿਹੀ ਚੱਟਾਨ ਮਜ਼ਬੂਤ, ਅਡੋਲ ਅਤੇ ਪੱਕੀ ਨੀਂਹ ਬਣਾਉਂਦੀ ਹੈ। ਤੂਫ਼ਾਨ ਦੀ ਮਾਰ ਪੈਣ ਤੇ ਬੁੱਧਵਾਨ ਦਾ ਘਰ ਟਿਕਿਆ ਰਹਿੰਦਾ ਹੈ। ਚੱਟਾਨ ਉੱਤੇ ਬਣਾਉਣਾ ਯਿਸੂ ਦੀ ਸਿੱਖਿਆ ਨੂੰ ਮੰਨਣ ਦੇ ਬਰਾਬਰ ਹੈ। ਜਦ ਅਸੀਂ ਆਪਣਾ ਰੂਹਾਨੀ ਘਰ ਉਸ ਦੀ ਸੱਚਿਆਈ ਦੀ ਨੀਂਹ ਤੇ ਬਣਾਉਂਦੇ

ਹਾਂ ਤਾਂ ਜ਼ਿੰਦਗੀ ਦੇ ਤੁਫ਼ਾਨਾਂ ਦੇ ਸਾਨੂੰ ਬੁਰੀ ਤਰ੍ਹਾਂ ਨਾਲ ਘੇਰ ਲੈਣ ਦੇ ਬਾਵਜੂਦ ਸਾਡਾ ਵਿਸ਼ਵਾਸ ਮਜ਼ਬੂਤ ਅਤੇ ਅਡੋਲ ਰਹੇਗਾ।

**ਆਇਤ 25.** ਯਿਸੂ ਨੇ ਅੱਗੇ ਆਖਿਆ, **''ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਪਰ ਉਹ ਨਾ ਡਿੱਗਿਆ ਕਿਉਂ ਜੋ ਉਹ ਦੀ ਨਿਉਂ ਪੱਥਰ ਉੱਤੇ ਧਰੀ ਹੋਈ ਸੀ।''** ਯੂਨਾਨੀ ਭਾਸ਼ਾ (*prosepesan epsten*) ਵਿਚ ਸ਼ਬਦਾਂ ਦੇ ਖੇਡ ਦਾ ਸੰਕੇਤ ਮਿਲਦਾ ਹੈ। ਲਿਓਨ ਮੌਰਿਸ ਨੇ ਦ੍ਰਿਸ਼ਟਾਂਤ ਦੇ ਇਸ ਭਾਗ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ: ''ਇਸ ਘਰ ਦੇ ਖ਼ਿਲਾਫ਼ ਹਨੇਰੀਆਂ *ਆਈਆਂ*, ਪਰ ਇਹ *ਢੱਠਿਆ* ਨਹੀਂ।''[37] ਯਿਸੂ ਦੀ ਗੱਲ ਦੇ ਪਿਛੋਕੜ ਦੇ ਸਬੰਧ ਵਿਚ ਮਾਊਂਸ ਨੇ ਕਿਹਾ ਹੈ ਕਿ ''ਇਹ ਰੂਪਕ ਫ਼ਲਿਸਤੀਨ ਦੇ ਮੌਸਮ ਦੇ ਹਾਲਾਤ ਵਿਚ ਮਿਲਿਆ ਹੈ। ਦੇਸ਼ ਵਿਚ ਸਾਲ ਦੇ ਜ਼ਿਆਦਾਤਰ ਹਿੱਸੇ ਵਿਚ ਸੋਕਾ ਰਹਿੰਦਾ ਹੈ, ਪਰ ਬਰਸਾਤ ਦੇ ਬਾਅਦ ਅਚਾਨਕ ਪਾਣੀ ਸੁੱਕੇ ਦੱਰਿਆਂ ਵਿੱਚੋਂ ਦੀ ਭਰ ਆਉਂਦਾ ਅਤੇ ਆਪਣੇ ਰਾਹ ਵਿਚ ਆਉਣ ਵਾਲੀ ਕਿਸੇ ਵੀ ਚੀਜ਼ ਨੂੰ ਵਹਾ ਲੈ ਜਾਂਦਾ।''[38] ਪਹਾੜੀ ਉਪਦੇਸ਼ ਵੇਲੇ ਯਿਸੂ ਗਲੀਲ ਦੀ ਝੀਲ ਦੇ ਨੇੜੇ ਸੀ ਅਤੇ ਇਹ ਸਥਿਤੀ ਕਹਾਣੀ ਦੇ ਪਿਛੋਕੜ ਦੀ ਇਕ ਹੋਰ ਸੰਭਾਵਨਾ ਦਿੰਦੀ ਲਗ ਸਕਦੀ ਹੈ। ਵਿਲਕਿੰਸ ਦੀ ਪੇਸ਼ਕਸ਼ ਹੈ:

> ਗਲੀਲ ਦੀ ਝੀਲ ਦੇ ਕੰਢੇ ਹੜ ਦੇ ਬਾਅਦ ਜੰਮਿਆਂ ਪਣਾ ਗਰਮੀ ਦੇ ਮਹੀਨੇ ਦੌਰਾਨ ਉੱਪਰੋਂ ਸਖ਼ਤ ਹੋਇਆ ਹੁੰਦਾ ਸੀ। ਪਰ ਸਿਆਣਾ ਮਿਸਤਰੀ ਅਜਿਹੀ ਉੱਪਰਲੀ ਸਥਿਤੀ ਨਾਲ ਮੂਰਖ ਨਹੀਂ ਬਣਦਾ ਸੀ। ਉਹ ਕਈ ਵਾਰ ਨੀਂਹ ਹੇਠਾਂ ਤਕ ਪਾਉਣ ਲਈ ਉੱਪਰਲੀ ਰੇਤ ਨੂੰ ਦਸ ਦਸ ਫੁਟ ਹੇਠਾਂ ਪੁੱਟਦਾ ਅਤੇ ਉੱਥੇ ਆਪਣੇ ਘਰ ਦੀ ਬੁਨਿਆਦ ਬਣਾਉਂਦਾ [ਲੂਕਾ 6:46–49]। ਸਿਆਲ ਦੀ ਬਾਰਿਸ਼ ਆਉਣ ਤੇ ਜੋ ਨਦੀ ਦੇ ਕੰਢਿਆਂ ਨੂੰ ਪਾਣੀ ਵਿਚ ਧੂ ਲਿਆਉਂਦੀ ਸੀ, ਪਣੇ ਦੇ ਉੱਤੇ ਬਣੇ ਮਕਾਨਾਂ ਦੀ ਨੀਂਹ ਨੂੰ ਪੱਧਰਾ ਕਰ ਸਕਦੀ ਹੈ। ਹੜ ਦੇ ਬਾਅਦ ਜੰਮੀ ਰੇਤ ਦੇ ਪਣੇ ਦੇ ਘਰ ਪਰ ਪੱਥਰ ਦੀ ਬੁਨਿਆਦ ਤੇ ਬਣੇ ਘਰ ਹੜ ਦੇ ਬਾਅਦ ਵੀ ਟਿਕੇ ਰਹਿੰਦੇ ਸਨ।[39]

**ਆਇਤਾਂ 26, 27.** ਇਸ ਦੇ ਉਲਟ ਦ੍ਰਿਸ਼ਟਾਂਤ ਵਿਚ **ਮੂਰਖ** ਨੇ ਆਪਣਾ ਘਰ **ਰੇਤ ਉੱਤੇ ਬਣਾਇਆ**। ਰੇਤ ਇੱਧਰ ਉੱਧਰ ਖਿਸਕ ਜਾਣ ਵਾਲੀ, ਲਗਾਤਾਰ ਹਿੱਲਣ ਵਾਲੀ ਅਤੇ ਹੜ੍ਹ ਨਾਲ ਅਸਾਨੀ ਨਾਲ ਵਹਿ ਜਾਣ ਵਾਲੀ ਹੁੰਦੀ ਹੈ। ਮੂਰਖ ਦੇ ਘਰ ਤੇ ਤੁਫ਼ਾਨਾਂ ਦੀ ਮਾਰ ਪੈਣ ਤੇ **ਉਹਦਾ ਵੱਡਾ ਨਾਸ ਹੋਇਆ**। ਆਮ ਤੌਰ ਤੇ ਲੋਕ ''ਮਨੁੱਖਾਂ ਦੀ ਠੱਗ ਵਿੱਦਿਆ ਅਤੇ ਭੁਲਾਉਣ ਵਾਲੀ ਛਲ ਛਿੱਦਰ ਰੂਪੀ ਚਤਰਾਈ'' (ਅਫ਼ਸੀਆਂ 4:14) ਨੂੰ ਮੰਨ ਕੇ ਆਪਣਾ ਘਰ ਰੇਤ ਉੱਤੇ ਬਣਾ ਲੈਂਦੇ ਹਨ। ਉਨ੍ਹਾਂ ਦਾ ਵਿਸ਼ਵਾਸ ਖਿਆਲਾਂ, ਕਿਆਫ਼ਿਆਂ ਅਤੇ ਕਥਾਵਾਂ ਤੇ ਹੁੰਦਾ ਹੈ (ਵੇਖੋ 2 ਤਿਮੋਥਿਉਸ 4:1–4)। ਯਿਸੂ ਨੇ ਸਪੱਸ਼ਟ ਕੀਤਾ ਕਿ ਸਾਡੇ ਰੂਹਾਨੀ ਘਰ ਪਰਖੇ ਜਾਣਗੇ। ਚੱਟਾਨ ਤੇ ਬਣੇ ਘਰ ਨਿਆਂ ਦੀ ਆਖ਼ਰੀ ਪਰਖ ਵਿਚ ਟਿਕੇ ਰਹਿਣਗੇ। ਸਮੇਂ ਦੀ ਵਹਿ ਜਾਣ ਵਾਲੀ ਰੇਤ ਦੇ ਉੱਪਰ ਬਣੇ ਘਰ ''ਉਸ ਦਿਨ'' ਟਿਕੇ ਨਹੀਂ ਰਹਿ ਸਕਣਗੇ (ਜ਼ਬੂਰ 1:6; 127:1; ਮੱਤੀ 15:13)।

## ਲੋਕਾਂ ਦੀ ਹੈਰਾਨੀ (7:28, 29)

**[28]''ਅਤੇ ਐਉਂ ਹੋਇਆ ਕਿ ਜਾਂ ਯਿਸੂ ਇਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ। [29]ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ।''**

**ਆਇਤ 28. ਜਾਂ ਯਿਸੂ ਇਹ ਗੱਲਾਂ ਕਰ ਹਟਿਆ** ਜਾਂ ਇਸ ਦੇ ਵਰਗੇ ਸ਼ਬਦ ਮੱਤੀ ਵਿਚ ਪੰਜ ਵਾਰ ਮਿਲਦੇ ਹਨ (7:28; 11:1; 13:53; 19:1; 26:1), ਜੋ ਯਿਸੂ ਦੀ ਸਿੱਖਿਆ ਤੇ ਪੰਜ ਭਾਗਾਂ ਦੇ ਅੰਤ ਦਾ ਸੰਕੇਤ ਹਨ। ਇਸ ਉਪਦੇਸ਼ ਵਿਚ ਉਸ ਦੇ ਪੂਰੇ ਸੰਦੇਸ਼ ਦੀਆਂ ਗੱਲਾਂ ਦੀਆਂ ਮੂਲ ਗੱਲਾਂ ਉਸ ਦੇ ਸੰਦੇਸ਼ ਦੇ ਬਾਕੀ ਭਾਗ ਭਾਵ ਉਸ ਦੀ ਨਿੱਜੀ ਸੇਵਕਾਈ ਦੌਰਾਨ ਦਿੱਤੀਆਂ ਗਈਆਂ।

**ਆਇਤ 29.** ਜਿਨ੍ਹਾਂ ਲੋਕਾਂ ਨੇ ਇਹ ਉਪਦੇਸ਼ ਸੁਣਿਆ ਉਹ ਯਿਸੂ ਦੀਆਂ ਗੱਲਾਂ ਤੋਂ ਦੰਗ ਰਹਿ ਗਏ, **''ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੂ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੂ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ।''** ''ਇਖ਼ਤਿਆਰ'' ਲਈ ਯੂਨਾਨੀ ਭਾਸ਼ਾ ਦੇ ਸ਼ਬਦ (*exousia*) ਦਾ ਅਰਥ ਹਕੂਮਤ ਜਾਂ ਪ੍ਰਬੰਧ ਕਰਨ ਲਈ ਕਿਸੇ ਕੋਲ ਹੋਣ ਵਾਲੀ ਸ਼ਕਤੀ ਜਾਂ ਇਖ਼ਤਿਆਰ ਹੈ (ਵੇਖੋ 8:9; 9:6; 10:1; 21:23)। ਯਿਸੂ ਨੇ ਆਪਣੇ ਗ੍ਰੇਟ ਕਮੀਸ਼ਨ ਵਿਚ ਇਸੇ ਸ਼ਬਦ ਦੀ ਵਰਤੋਂ ਕੀਤੀ (28:18)। ਗ੍ਰੰਥੀ ਪੁਰਾਣੇ ਯਹੂਦੀ ਵਿਦਵਾਨਾਂ ਦੀਆਂ ਲਿਖਤਾਂ ਦੇ ਲੰਮੇ-ਲੰਮੇ ਹਵਾਲੇ ਦਿੰਦੇ ਹੋਏ ਸਿੱਖਿਆ ਦਿੰਦੇ ਸਨ। ਉਹ ਉਦਾਹਰਣ ਨਾਲ ਸਹਾਰਾ ਦਿੱਤੇ ਬਗੈਰ ਆਪਣੀ ਗੱਲ ਕਹਿਣ ਤੋਂ ਡਰਦੇ ਸਨ। ਏ. ਟੀ. ਰੌਬਰਟਸਨ ਨੇ ਲਿਖਿਆ ਹੈ, ''ਸਾਡੇ ਕੋਲ ਯਹੂਦੀ ਟਾਲਮੁਡ ਮਿਸ਼ਨਾਹ ਅਤੇ ਗਿਮਾਰਾ ਵਿਚ ਇਨ੍ਹਾਂ ਉਪਦੇਸ਼ਾਂ ਦੇ ਨਮੂਨੇ ਪਏ ਹਨ ਜੋ ਦੋਹਾਂ ਦੇ ਪੂਰਾ ਹੋਣ ਤੇ, ਮਨੁੱਖੀ ਇਤਿਹਾਸ ਦੀ ਹਰ ਕਲਪਨਾ ਕੀਤੀ ਜਾ ਸਕਣ ਵਾਲੀ ਮੁਸ਼ਕਿਲ ਤੇ ਟਿੱਪਣੀਆ ਦਾ ਸਭ ਤੋਂ ਰੁੱਖਾ ਅਤੇ ਬੇਸੁਆਦ ਸੰਗ੍ਰਿਹ ਹੈ।''[40] ਯਹੂਦੀ ਗੁਰੂਆਂ ਦੇ ਉਲਟ ਯਿਸੂ ਆਪਣੀ ਸਜੀਵ, ਨਿੱਜੀ ਅਤੇ ਉਦਾਹਰਣ ਸਹਿਤ ਸਿੱਖਿਆ ਖ਼ੁਦਾ ਅੱਗੇ ਇਖ਼ਤਿਆਰ ਵਾਲੇ ਵਚਨ ਦੇ ਰੂਪ ਵਿਚ ਦਿੰਦਾ ਸੀ (ਵੇਖੋ ਯੂਹੰਨਾ 5:27; 10:18; 17:2)। ਉਸ ਨੂੰ ਆਪਣੀ ਸਿੱਖਿਆ ਦੀ ਹਮਾਇਤ ਲਈ ਕਿਸੇ ਮਨੁੱਖੀ ਇਖ਼ਤਿਆਰ ਦੀ ਲੋੜ ਨਹੀਂ ਸੀ। ਇਸ ਉਪਦੇਸ਼ ਵਿਚ ''ਮੈਂ ਤੁਹਾਨੂੰ ਆਖਦਾ ਹਾਂ'' (5:18, 20, 22, 26, 28, 32, 34, 39, 44; 6:2, 5, 16, 25, 29) ਅਤੇ ''ਮੇਰੇ ਇਹ ਵਚਨ'' ਮੁੱਖ ਆਇਤਾਂ ਨਾਲ ਉਸ ਦੇ ਇਖ਼ਤਿਆਰ ਉੱਤੇ ਜ਼ੋਰ ਦਿੱਤਾ ਗਿਆ ਹੈ (7:24, 26)।

~~~ **ਸਬਕ** ~~~

## "ਦੋਸ਼ ਨਾ ਲਾਓ" (7:1-5)

ਯਿਸੂ ਨੇ ਕਪਟ ਨਾਲ ਦੋਸ਼ ਲਾਉਣ ਨੂੰ ਗਲਤ ਠਹਿਰਾਇਆ, ਜਿਸ ਵਿਚ ਇਕ ਬੰਦਾ ਕਿਸੇ ਦੂਜੇ ਉੱਤੇ ਦੋਸ਼ ਲਾਉਂਦਾ ਹੈ ਪਰ ਆਪ ਉਸ ਜਾਂ ਉਸ ਨਾਲੋਂ ਵੀ ਵੱਡੇ ਪਾਪ ਵਿਚ ਪਿਆ ਹੁੰਦਾ ਹੈ। ਮਾਉਂਸ ਨੇ ਇਸ ਤਰ੍ਹਾਂ ਸਮਝਾਇਆ ਹੈ:

> ਮਨੁੱਖੀ ਸੁਭਾਅ ਸਾਨੂੰ ਆਪਣੀਆਂ ਖਾਮੀਆਂ ਦੀ ਬਜਾਇ ਦੂਜਿਆਂ ਦੀਆਂ ਖਾਮੀਆਂ ਤੇ ਬਹੁਤਾ ਧਿਆਨ ਦੇਣ ਲਈ ਉਕਸਾਉਂਦਾ ਹੈ। ਅਸੀਂ ਧਾਰਮਿਕਤਾ ਦੇ ਵੱਡੇ ਵੱਡੇ ਮਾਪਦੰਡ ਦੇ ਅਧਾਰ ਤੇ ਦੂਜਿਆਂ ਦਾ ਮੁਲਾਂਕਣ ਕਰਨਾ ਚਾਹੁੰਦੇ ਹਾਂ ਜੋ ਕਿਸੇ ਕਾਰਣ ਸਾਡੇ ਕੰਮਾਂ ਉੱਤੇ ਲਾਗੂ ਨਹੀਂ ਹੁੰਦੇ।[41]

ਦੂਜਿਆਂ ਦੇ ਆਪਣੇ ਮੁਲਾਂਕਣ ਵਿਚ ਨਿਰਪੱਖ ਹੋਣ ਲਈ ਸਾਨੂੰ ਕਈ ਹਦਾਇਤਾਂ ਦਾ ਪਾਲਣ ਕਰਨਾ ਜ਼ਰੂਰੀ ਹੈ।

*ਸਾਨੂੰ ਆਪਣੀਆਂ ਖੁਦ ਦੀਆਂ ਜ਼ਿੰਦਗੀਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ।* ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਭਲਾ ਅਸੀਂ ਵੀ ਉਹੀ ਕੰਮ ਤਾਂ ਨਹੀਂ ਕਰ ਰਹੇ ਜਿਨ੍ਹਾਂ ਨੂੰ ਅਸੀਂ ਦੂਜਿਆਂ ਵਿਚ ਨਾਪਸੰਦ ਕਰਦੇ ਹਾਂ। ਇਕ ਆਦਮੀ ਨੂੰ ਦੁਨੀਆਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਤੋਂ
~~~

ਪਹਿਲਾਂ ਆਪਣੇ ਆਪ ਨੂੰ ਬਦਲ ਲੈਣਾ ਚਾਹੀਦਾ ਹੈ।

*ਸਾਨੂੰ ਚਾਹੀਦਾ ਹੈ ਕਿ ਜਦ ਲੋਕ ਸਾਡੀ ਅਲੋਚਨਾ ਕਰਨ ਤਾਂ ਅਸੀਂ ਧਿਆਨ ਦਈਏ।* ਜਿਹੜੀ ਗੱਲ ਉਹ ਕਹਿ ਰਹੇ ਹਨ, ਹੋ ਸਕਦਾ ਹੈ ਕਿ ਉਸ ਵਿਚ ਕੁਝ ਸੱਚਾਈ ਹੋਵੇ ਜਿਸ ਨਾਲ ਸਾਨੂੰ ਬੇਹਤਰ ਲੋਕ ਬਣਨ ਵਿਚ ਮਦਦ ਮਿਲ ਸਕੇ। ਲੋਹੇ ਵਿਚ ਲੋਹੇ ਨੂੰ ਤੇਜ਼ ਕਰਨ ਦੀ ਤਾਕਤ ਰਹਿੰਦੀ ਹੈ (ਕਹਾਉਤਾਂ 27: 17)।

*ਸਾਨੂੰ ਪਹਿਲੇ ਪ੍ਰਭਾਵ ਤੋਂ ਬਹੁਤ ਅਰਥ ਨਹੀਂ ਕੱਢ ਲੈਣਾ ਚਾਹੀਦਾ।* ਆਮ ਤੌਰ ਤੇ ਕਿਸੇ ਨੂੰ ਸਮਝਣ ਜਾਂ ਜਾਣਨ ਲਈ ਇੱਕੋ ਮੁਲਾਕਾਤ ਕਾਫ਼ ਨਹੀਂ ਹੁੰਦੀ। ਕਈ ਵਾਰ ਪਹਿਲਾ ਪ੍ਰਭਾਵ ਗਲਤ ਹੁੰਦਾ ਹੈ।

*ਸਾਨੂੰ ਕਾਹਲੀ ਨਾਲ ਫ਼ੈਸਲੇ ਨਹੀਂ ਲੈਣੇ ਚਾਹੀਦੇ।* ਸਾਨੂੰ ਸਾਰੇ ਤੱਥਾਂ ਨੂੰ ਇਕੱਠੇ ਕਰਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਜ਼ਰੂਰੀ ਹੈ ਕਿ ਦੂਜਿਆਂ ਬਾਰੇ ਸਾਡੇ ਨਿਚੋੜ ਸੁਣੀਆਂ ਸੁਣਾਈਆਂ ਗੱਲਾਂ ਤੇ ਅਧਾਰ ਨਹੀਂ ਹਨ।

*ਸਾਨੂੰ ਨਕਲਚੀ ਨਹੀਂ ਬਣਨਾ ਚਾਹੀਦਾ।* ਕਿਸੇ ਦਾ ਨਿਆਂ ਉਸ ਦੀ ਕੌਮ, ਲਿੰਗ ਜਾਂ ਸਮਾਜਿਕ ਮਾਲੀ ਹਾਲਤ ਦੇ ਅਧਾਰਤ ਤੇ ਕਰਨਾ ਗਲਤ ਹੈ।

*ਸਾਨੂੰ ਬੇਹੱਦ ਅਲੋਚਨਾ ਕਰਨ ਵਾਲੇ ਹੋਣ ਤੋਂ ਪਹਿਲਾਂ ਦੂਜਿਆਂ ਦੇ ਹਾਲਾਤ ਤੇ ਵਿਚਾਰ ਕਰਨਾ ਚਾਹੀਦਾ ਹੈ।* ਹੋ ਸਕਦਾ ਹੈ ਕਿ ਉਹ ਬੰਦਾ ਆਪਣੀ ਜ਼ਿੰਦਗੀ ਵਿਚ ਕਿਸੇ ਮੁਸ਼ਕਿਲ ਵਿੱਚੋਂ ਦੀ ਲੰਘ ਰਿਹਾ ਹੋਵੇ। ਸ਼ਾਇਦ ਸਾਨੂੰ ਉਵੇਂ ਹੀ ਸਲੂਕ ਕਰਨਾ ਚਾਹੀਦਾ ਹੈ ਜਿਵੇਂ ਉਸ ਦੀ ਜੁੱਤੀ ਪਾ ਕੇ ਅਸੀਂ ਚੱਲ ਰਹੇ ਹੋਈਏ।

*ਦੂਜਿਆਂ ਦਾ ਸਾਹਮਣਾ ਕਰਨ ਤੇ, ਸਾਨੂੰ ਆਪਣੇ ਇਰਾਦਿਆਂ ਦਾ ਮੁਲਾਂਕਣ ਕਰ ਲੈਣਾ ਜ਼ਰੂਰੀ ਹੈ।* ਭਲਾ ਸਾਨੂੰ ਦੂਜਿਆਂ ਦੀ ਰੂਹਾਨੀ ਹਾਲਤ ਦੀ ਫ਼ਿਕਰ ਹੈ (ਗਲਾਤੀਆਂ 6: 1–4), ਜਾਂ ਅਸੀਂ ਸਿਰਫ਼ ਆਪਣੇ ਆਪ ਨੂੰ ਦੂਜਿਆਂ ਨਾਲੋਂ ਬੇਹੱਤਰ ਵਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ?

*ਸਾਰ।* ਯਿਸੂ ਦਾ ਕਪਟੀ ਤੇ ਕਿਸੇ ਦੂਜੇ ਉੱਤੇ ਦੋਸ਼ ਲਾਉਣ ਦੀ ਕੋਸ਼ਿਸ਼ ਕਰਨ ਦੀ ਉਦਾਹਰਣ ਸਾਡੇ ਲਈ ਚਿਤਾਵਨੀ ਦਾ ਕੰਮ ਕਰਦੀ ਹੈ।

ਡੇਵਿਡ ਸਟਿਵਰਟ

## ਸਿੱਧ ਪਿਤਾ (7:7-11)

ਯਿਸੂ ਨੇ ਧਿਆਨ ਦੁਆਇਆ ਕਿ ਨੁਕਸਦਾਰ ਅਤੇ ਪਾਪੀ ਹੋਣ ਦੇ ਬਾਵਜੂਦ ਦੁਨਿਆਵੀ ਪਿਤਾ ਆਪਣੇ ਬੱਚਿਆਂ ਨੂੰ ਚੰਗੇ ਚੰਗੇ ਗਿਫ਼ਟ ਦਿੰਦੇ ਹਨ। ਦੁਨਿਆਵੀ ਪਿਤਾਵਾਂ ਨੂੰ ਵੇਖ ਕੇ ਅਸੀਂ ਸੁਰਗੀ ਪਿਤਾ ਦੇ ਪਿਆਰ ਅਤੇ ਦੁਆ ਵਿਚ ਉਸ ਨਾਲ ਆਪਣੇ ਸਬੰਧ ਨੂੰ ਬੇਹਤਰ ਸਮਝ ਸਕਦੇ ਹਾਂ।

ਅੱਜ ਦੁਨਿਆਵੀ ਪਿਤਾ ਆਪਣੇ ਬੱਚਿਆਂ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਕਾਫ਼ੀ ਊਰਜਾ ਲਾਉਂਦੇ ਹਨ। ਉਹ ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਕੋਲ ਖਾਣਾ, ਕੱਪੜਾ ਅਤੇ ਰਹਿਣ ਦੇ ਇਲਾਵਾ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਹੋਣ। ਇਸ ਨਾਲੋਂ ਵੀ ਵਧ ਕੇ ਪਿਤਾ ਸਿੱਖਿਆ ਦੇ ਰਾਹੀਂ ਆਪਣੇ ਬੱਚਿਆਂ ਦਾ ਦਿਮਾਗੀ ਵਿਕਾਸ ਕਰਦੇ ਹਨ। ਉਹ ਉਨ੍ਹਾਂ ਦੇ ਹੋਮਵਰਕ ਅਤੇ ਖ਼ਾਸ ਪ੍ਰੋਜੈਕਟਾਂ ਵਿਚ ਉਨ੍ਹਾਂ ਨਾਲ ਮਦਦ ਕਰਦੇ ਅਤੇ ਉਨ੍ਹਾਂ ਦੀਆਂ ਕਿਤਾਬਾਂ ਅਤੇ ਪੜ੍ਹਾਈ ਦਾ ਖਰਚ ਚੁੱਕਦੇ ਹਨ। ਆਮ ਤੌਰ ਤੇ ਉਹ ਆਪਣੇ ਬੱਚਿਆਂ ਨੂੰ ਘਰ ਦੇ ਮਗਰਲੇ ਪਾਸੇ ਬੇਸਬਾਲ ਜਾਂ ਫੁੱਟਬਾਲ ਨਾਲ ਜਾਂ ਬਾਸਕਟ ਬਾਲ ਖੇਡ ਕੇ ਉਨ੍ਹਾਂ ਨਾਲ ਘੰਟੇ ਬਿਤਾਉਂਦੇ ਹਨ। ਪਿਤਾ ਉਨ੍ਹਾਂ ਨਾਲ ਬਾਈਬਲ ਨੂੰ ਪੜ੍ਹ ਕੇ, ਉਨ੍ਹਾਂ ਨਾਲ ਦੁਆ ਕਰਕੇ, ਮਸੀਹੀ ਜ਼ਿੰਦਗੀ ਜੀਣ ਵਿਚ ਨਮੂਨਾ ਬਣਕੇ, ਉਨ੍ਹਾਂ ਨੂੰ ਬੰਦਗੀ ਵਿਚ ਲਿਜਾ ਕੇ ਅਤੇ ਉਨ੍ਹਾਂ ਨੂੰ ਬਾਈਬਲ ਵਿੱਚੋਂ ਪੜ੍ਹਾ ਕੇ ਰੂਹਾਨੀ ਤੌਰ ਤੇ ਆਪਣੇ ਬੱਚਿਆਂ ਦੀ ਮਦਦ ਕਰਦੇ ਹਨ। ਜੇ ਪਿਤਾ ਆਪਣੇ ਬੱਚਿਆਂ ਦੀ ਭਲਿਆਈ ਲਈ ਇਹ ਸਭ ਕੰਮ ਕਰਦੇ ਹਨ ਤਾਂ ਆਪਣੇ ਬੱਚਿਆਂ ਦੇ

ਫ਼ਾਇਦੇ ਲਈ ਸੁਰਗੀ ਪਿਤਾ ਇਸ ਨਾਲੋਂ ਵੀ ਕਿੰਨਾ ਵੱਧ ਕੰਮ ਕਰ ਸਕਦਾ ਹੈ?

ਦੁਨਿਆਵੀ ਪਿਤਾਵਾਂ ਵਾਂਗ, ਸਾਡੇ ਸੁਰਗੀ ਪਿਤਾ ਨੂੰ ਸਾਡੀਆਂ ਚਿੰਤਾਵਾਂ ਅਤੇ ਸਾਡੀਆਂ ਲੋੜਾਂ ਦਾ ਧਿਆਨ ਹੈ, ਭਾਵੇਂ ਉਹ ਵੱਡੀਆਂ ਹੋਣ ਜਾਂ ਛੋਟੀਆਂ। ਉਹ ਸਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਕਿ ਸਾਡੀ ਕੀ ਜ਼ਰੂਰਤ ਹੈ। ਇਹ ਜਾਣਦੇ ਹੋਏ ਕਿ ਇਹ ਸਾਡੀ ਭਲਿਆਈ ਅਤੇ ਰੂਹਾਨੀ ਜ਼ਰੂਰਤ ਹੈ, ਉਹ ਸਾਨੂੰ ਜ਼ਿੰਦਗੀ ਵਿਚ ਮੁਸ਼ਕਿਲਾਂ ਨਾਲ ਜੱਦੋ ਜਹਿਦ ਕਰਨ ਦਿੰਦਾ ਹੈ। ਕਈ ਵਾਰ ਉਹ ਸਾਡੇ ਨਾ ਮੰਗਣ ਤੇ ਵੀ ਸਾਡੀ ਲੋੜ ਮੁਤਾਬਿਕ ਦੇ ਦਿੰਦਾ ਹੈ ਅਤੇ ਅਜਿਹਾ ਉਹ ਸਾਡੇ ਉਸ ਦੀ ਸ਼ੁਕਰਗੁਜ਼ਾਰੀ ਕਰਨਾ ਭੁਲ ਜਾਣ ਦੇ ਬਾਵਜੂਦ ਕਰਦਾ ਹੈ। ਹੋਰ ਸਮਿਆਂ ਤੇ ਉਹ ਸਾਥੋਂ ਸਾਡੀ ਰਾਹ ਤਕਦਾ ਹੈ ਕਿ ਅਸੀਂ ਉਸ ਤੋਂ ਮੰਗੀਏ ਕਿਉਂ ਜੋ ਉਹ ਚਾਹੁੰਦਾ ਹੈ ਕਿ ਅਸੀਂ ਉਸ ਉੱਤੇ ਹੋਰ ਭਰੋਸਾ ਰੱਖੀਏ ਅਤੇ ਉਸ ਉੱਤੇ ਆਪਣੀ ਨਿਰਭਰਤਾ ਨੂੰ ਸਮਝੀਏ। ਸਾਡੇ ਕਿਸੇ ਬਰਕਤ ਨੂੰ ਗੈਰ ਜ਼ਿਮੇਵਾਰੀ ਨਾਲ ਲੈਣ ਤੇ ਹੋ ਸਕਦਾ ਹੈ ਕਿ ਸਾਡਾ ਪਿਤਾ ਸਾਥੋਂ ਉਹ ਬਰਕਤ ਲੈ ਲਵੇ। ਪਰ ਦੁਨਿਆਵੀ ਪਿਤਾਵਾਂ ਦੇ ਉਲਟ ਸਾਡਾ ਸੁਰਗੀ ਪਿਤਾ ਸਿੱਧ ਅਰਥਾਤ ਕਾਮਿਲ ਹੈ ਅਤੇ ਸਾਡੀ ਦੇਖਭਾਲ ਲਈ ਉਸ ਕੋਲ ਅਸੀਮਤ ਵਸੀਲੇ ਹਨ।

ਡੇਵਿਡ ਸਟਿਵਰਟ

## ਸੁਨਹਿਰੀ ਨਿਯਮ (7:12)

ਜਿਸ ਨੂੰ ''ਸੁਨਹਿਰੀ ਨਿਯਮ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ ਉਸ ਨੂੰ ਯਿਸੂ ਨੇ ਸਮਝਾਇਆ, ''ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਕਿ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਉਵੇਂ ਹੀ ਕਰੋ'' (7: 12)। ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਅਸੀਂ ਇਸ ਸਿੱਖਿਆ ਨੂੰ ਲਾਗੂ ਹੁੰਦਿਆਂ ਵੇਖ ਸਕਦੇ ਹਾਂ।

ਪਹਿਲਾਂ ਉਸਦੀ ਗੱਲ ਦੀ ਸਾਦਗੀ ਨੂੰ ਵੇਖੋ। ਇਹ ਕਿਸੇ ਲਈ ਵੀ ਮੰਨਣੀ ਬਹੁਤ ਆਸਾਨ ਹੈ। ਇਹ ਸਾਡੇ ਉੱਤੇ ਨਿੱਜੀ ਤੌਰ ਤੇ ਦੂਜਿਆਂ ਨਾਲ ਵਿਹਾਰ ਕਰਨ ਦੇ ਢੰਗ ਦੀ ਜ਼ਿੰਮੇਵਾਰੀ ਸਿਖਾਉਂਦੀ ਹੈ ਅਤੇ ਇਹ ਸਾਡੇ ਨਾਲ ਉਨ੍ਹਾਂ ਦੇ ਸਲੂਕ ਨਾਲ ਤਹਿ ਨਹੀਂ ਹੁੰਦੀ ਹੈ। ਲਾਜ਼ਮੀ ਤੌਰ ਤੇ ਅਸੀਂ ਉਨ੍ਹਾਂ ਨੂੰ ਕਹਿ ਰਹੇ ਹੁੰਦੇ ਹਾਂ, ''ਤੁਸੀਂ ਮੇਰੇ ਨਾਲ ਜਿਹੋ ਜਿਹਾ ਵੀ ਸਲੂਕ ਕਰੋ, ਮੈਂ ਤੁਹਾਡੇ ਨਾਲ ਇਜ਼ਤ ਅਤੇ ਮਾਨ ਨਾਲ ਵਰਤਾਂਗਾ, ਜਿਵੇਂ ਕਿ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਕਰੋ।''

ਦੂਜਾ ਇਸ ਗੱਲ ਵਿਚ ਕਿਸੇ ਵੀ ਗੱਲ ਜਾਂ ਬੰਦੇ ਨੂੰ ਕੱਢਿਆ ਨਹੀਂ ਗਿਆ, ਕਿਉਂਕਿ ਇਸ ਵਿਚ ''ਜੋ ਕੁਝ'' ਕਿਹਾ ਗਿਆ ਹੈ। ਕਿਸੇ ਵੀ ਬੰਦੇ ਜਾਂ ਵਿਹਾਰ ਦੇ ਢੰਗ ਨੂੰ ਜੋ ਸਾਨੂੰ ਮਿਲ ਸਕਦਾ ਹੈ ਛੱਡਿਆ ਨਹੀਂ ਗਿਆ ਕਿਉਂਕਿ ਇਸ ਵਿਚ ਉਹ ਵੀ ਲੋਕ ਹਨ ਜੋ ਸਾਡੇ ਨਾਲ ਨਫ਼ਰਤ ਅਤੇ ਬਦਸਲੂਕੀ ਕਰਦੇ ਹਨ। ਸਾਡੇ ਪ੍ਰਭੂ ਨੇ ਸਾਡੇ ਲਈ ਨਮੂਨਾ ਠਹਿਰਾ ਦਿੱਤਾ ਹੈ ਕਿ ਅਸੀਂ ਆਪਣੇ ਵੈਰੀਆਂ ਨਾਲ ਵੀ ਕਿਵੇਂ ਸਲੂਕ ਕਰੀਏ (ਲੂਕਾ 23: 34; 1 ਪਤਰਸ 2: 21)।

ਤੀਜਾ, ਇਹ ਗੱਲ ਸੁਝਾਅ ਦੀ ਨਹੀਂ ਬਲਕਿ ਉਸ ਤੋਂ ਕਿਤੇ ਵੱਧ ਕੇ ਹੈ। ਇਹ ਇਕ ਜ਼ੋਰ ਦੇ ਕੇ ਕੀਤੇ ਗਏ ਐਲਾਨ ਭਾਵ ਆਪਣੇ ਚੇਲਿਆਂ ਲਈ ਯਿਸੂ ਵੱਲੋਂ ਲਾਜ਼ਮੀ ਤੌਰ ਤੇ ਮੰਨਣ ਯੋਗ ਵਿਹਾਰ ਹੈ। ਸਾਡੇ ਲਈ ਇਸ ਨੂੰ ਕਿਸੇ ਵੀ ਢੰਗ ਨਾਲ ਸਮਝਣਾ ਨਾਮੁਮਕਿਨ ਹੈ। ''ਕਿੰਨਾ ਵੀ ਔਖਾ ਕਿਉਂ ਨਾ ਹੋਵੇ ਸਾਡੇ ਲਈ ਇਸਨੂੰ ਮੰਨਣਾ ਜ਼ਰੂਰੀ ਹੈ।''

## ਜੀਣ ਲਈ ਨਿਯਮ (7:12)

ਜੇ ਲੋਕਾਂ ਦੀ ਜ਼ਿੰਦਗੀ ਸੁਨਹਿਰੀ ਨਿਯਮ ਦੇ ਮੁਤਾਬਿਕ ਹੋਵੇ, ਤਾਂ ਸਾਡੇ ਦਿਨ ਇਮਾਨਦਾਰੀ ਅਤੇ ਦਯਾ ਨਾਲ ਭਰੇ ਵਿਹਾਰ ਵਾਲੇ ਹੋਣਗੇ। ਪਰ ਕਿਹਾ ਜਾਂਦਾ ਹੈ ਕਿ ਲੋਕ ਮੁੱਖ ਤੌਰ ਤੇ ਸੱਤਾਂ ਵਿੱਚੋਂ ਇਕ ਹੀ ਨਿਯਮ ਨਾਲ ਚੱਲਦੇ ਹਨ:

1. *ਚਿੱਕੜ ਵਾਲਾ ਨਿਯਮ* ਇਨ੍ਹਾਂ ਵਿੱਚੋਂ ਸਭ ਤੋਂ ਛੋਟਾ ਹੈ। ਇਹ ਸੁਆਰਥੀ ਅਤੇ ਬਦਨਾਮ ਲੋਕਾਂ ਦੀ ਜੀਵਨ ਸ਼ੈਲੀ ਹੈ। ਜਿਹੜੇ ਲੋਕ ਗੰਦਗੀ ਵਾਲੀ ਇਸ ਫਿਲੋਸਫ਼ੀ ਤੇ ਚੱਲਦੇ ਹਨ ਉਹ ਜਾਂ ਤਾਂ ਦੂਜਿਆਂ ਨੂੰ ਨਫ਼ਰਤ ਕਰਨਗੇ ਜਾਂ ਉਨ੍ਹਾਂ ਨੂੰ ਬਰਬਾਦ ਕਰ ਦੇਣਗੇ।

2. *ਗਾਰੇ ਵਾਲਾ ਨਿਯਮ* ''ਪਲੇਬਵਾਏ'' ਭਾਵ ਸੁੱਖਵਾਦੀ, ਭੌਤਿਕਵਾਦੀ ਜੀਵਨ ਸ਼ੈਲੀ ਹੈ। ਏਪੀਕੁਰੀਆਂ ਦੀ ਇਹੀ ਫ਼ਿਲਾਸਫ਼ੀ ਸੀ ਕਿ ''ਖਾਓ ਪੀਓ ਅਤੇ ਮਜ਼ੇ ਕਰੋ, ਕਿਉਂਕਿ ਭਲਕੇ ਤਾਂ ਮਰ ਹੀ ਜਾਣਾ ਹੈ।''

3. *ਲੋਹੇ ਦਾ ਨਿਯਮ* ''ਤਗੜੇ ਦਾ ਸੱਤੀ ਵ੍ਹੀਂ ਸੌ'' ਵਾਲਾ ਨਿਯਮ ਹੈ। ਇਹ ਉਨ੍ਹਾਂ ਲੋਕਾਂ ਦੀ ਫ਼ਿਲਾਸਫ਼ੀ ਸੀ ਜਿਨ੍ਹਾਂ ਨੇ ਨੇਕ ਸਾਮਰੀ ਵਾਲੇ ਯਿਸੂ ਦੇ ਦ੍ਰਿਸ਼ਟਾਂਤ ਵਿਚਲੇ ਮੁਸਾਫ਼ਿਰ ਨੂੰ ਮਾਰਿਆ ਕੁੱਟਿਆ ਅਤੇ ਲੁੱਟ ਲਿਆ ਸੀ।

4. *ਪਿੱਤਲ ਦਾ ਨਿਯਮ* ਬਦਲਾ ਲੈਣ ਦਾ ਨਿਯਮ ਹੈ ਕਿ ''ਦੂਜਿਆਂ ਨਾਲ ਉਵੇਂ ਹੀ ਸਲੂਕ ਕਰੋ ਜਿਵੇਂ ਤੁਹਾਡੇ ਨਾਲ ਕੀਤਾ ਜਾਂਦਾ ਹੈ''; ''ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ।'' ਇਸ ਨੂੰ ''ਕਾਨੂੰਨੀ ਨਿਯਮ'' ਵੀ ਆਖਿਆ ਜਾਂਦਾ ਹੈ।

5. *ਚਾਂਦੀ ਦਾ ਨਿਯਮ* ''ਨਕਾਰਾਤਮਕ ਭਲਿਆਈ'' ਦਾ ਨਿਯਮ ਹੈ। ਇਸ ਨਿਯਮ ਅਨੁਸਾਰ ਰਹਿਣ ਵਾਲੇ ਲੋਕ ਕਿਸੇ ਦੂਜੇ ਦਾ ਨੁਕਸਾਨ ਨਹੀਂ ਕਰਦੇ ਪਰ ਉਹ ਕਿਸੇ ਦੂਜੇ ਦੀ ਭਲਿਆਈ ਲਈ ਕੁਝ ਕਰਦੇ ਵੀ ਨਹੀਂ।

6. *ਸੋਨੇ ਦਾ ਪਾਣੀ ਚੜ੍ਹਿਆ ਨਿਯਮ* ਸੁਨਹਿਰੀ ਨਿਯਮ ਦਾ ਉਲਟਾ ਹੈ। ''ਦੂਜਿਆਂ ਨਾਲ ਉਵੇਂ ਨਾ ਕਰੋ ਜੋ ਤੁਸੀਂ ਨਹੀਂ ਚਾਹੁੰਦੇ ਕਿ ਉਹ ਤੁਹਾਡੇ ਨਾਲ ਕਰਨ।'' ਇਸ ਨਿਯਮ ਨੂੰ ਮੰਨਣ ਲਈ ਧਾਰਮਿਕ ਹੋਣਾ ਜ਼ਰੂਰੀ ਨਹੀਂ ਹੈ।

7. *ਸੁਨਹਿਰੀ ਨਿਯਮ* ਇਨ੍ਹਾਂ ਨਿਯਮਾਂ ਵਿੱਚੋਂ ਸਭ ਤੋਂ ਆਖ਼ਰੀ ਹੈ। ਗੈਰ ਮਸੀਹੀ ਲੋਕਾਂ ਵੱਲੋਂ ਵੀ ਇਸ ਨੂੰ ਨੈਤਿਕ ਆਦਰਸ਼ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਅਮਰੀਕਾ ਦਾ ਰਾਸ਼ਟਰਪਤੀ ਰਹਿੰਦਿਆਂ ਹਰਬਰਟ ਹੂਵਰ ਨੇ ਕਿਹਾ ਸੀ, ''ਮਨੁੱਖੀ ਕਮਜ਼ੋਰੀ ਕਰਕੇ, ਸੁਨਹਿਰੀ ਨਿਯਮ ਤੋੜਿਆ ਜਾਂਦਾ ਹੋ ਸਕਦਾ ਹੈ, ਪਰ ਇਹ ਮਹਾਨ ਨਿਯਮ ਜਿਸ ਦਾ ਟੀਚਾ ਆਮ ਭਲਿਆਈ ਹੈ, ਅਜੋਕੇ ਸੰਸਾਰ ਵਿਚ, ਜਿਸ ਵਿਚ ਅਸੀਂ ਰਹਿੰਦੇ ਹਾਂ, ਸਭ ਤਾਕਤਾਂ ਵਿਚ ਵਧ ਕੇ ਬਰੀਕੀ ਨਾਲ ਉਨ੍ਹਾਂ ਸਾਰਿਆਂ ਨੂੰ ਸੁਧਾਰਦਾ ਹੈ।''[42] ਦੁਨੀਆਂ ਵਿਚ ਹਰ ਕਿਸੇ ਨੂੰ ਇਸ ਨਿਯਮ ਨੂੰ ਮਨਵਾਉਣਾ ਹੋ ਸਕਦਾ ਹੈ ਕਿ ਸੰਭਵ ਨਾ ਹੋਵੇ, ਪਰ ਜੇ ਅਸੀਂ ਸਿਰਫ਼ ਉਨ੍ਹਾਂ ਤੋਂ ਹੀ ਇਹ ਨਿਯਮ ਮਨਵਾ ਲਈਏ ਜਿਹੜੇ ਯਿਸੂ ਵਿਚ ਵਿਸ਼ਵਾਸ ਹੋਣ ਦਾ ਦਾਅਵਾ ਕਰਦੇ ਹਨ ਤਾਂ ਸਚਮੁਚ ਕਿੱਡਾ ਵੱਡਾ ਬਦਲਾਅ ਆ ਜਾਵੇਗਾ![43]

## ਪਸੰਦ ਚੁਣਨੀ (7:13-27)

ਸਾਨੂੰ ਰੋਜ਼ ਕੋਈ ਨਾ ਕੋਈ ਪਸੰਦ ਚੁਣਨੀ ਪੈਂਦੀ ਹੈ। ਕਈ ਵਾਰ ਅਸੀਂ ਚੰਗੀ ਅਤੇ ਵਧੀਆ ਵਿਚ ਚੋਣ ਕਰਦੇ ਹਾਂ। ਕਈ ਵਾਰ ਸਾਨੂੰ ਦੋ ਬੁਰਿਆਈਆਂ ਵਿੱਚੋਂ ਘੱਟ ਬੁਰਿਆਈ ਨੂੰ ਚੁਣਨਾ ਪੈ ਸਕਦਾ ਹੈ। ਇਨ੍ਹਾਂ ਆਇਤਾਂ ਵਿਚ ਪਸੰਦ ਭਲਿਆਈ ਅਤੇ ਬੁਰਿਆਈ ਵਿੱਚੋਂ ਚੋਣ ਕਰਨ ਦੀ ਹੈ। ਸਾਨੂੰ ਇਨ੍ਹਾਂ ਵਿੱਚੋਂ ਚੋਣ ਕਰਨੀ ਜ਼ਰੂਰੀ ਹੈ:

1. ਸੌੜੇ ਰਾਹ ਤੇ ਚੱਲਣਾ ਜਾਂ ਚੌੜੇ ਰਾਹ ਤੇ (7:13, 14);
2. ਚੰਗਾ ਫਲ ਲਿਆਉਣਾ ਜਾਂ ਮਾੜਾ ਫਲ (7:15–20);
3. ਆਗਿਆਕਾਰ ਹੋਣਾ ਜਾਂ ਨਾਫ਼ਰਮਾਬਰਦਾਰ (7:21–23);
4. ਚੱਟਾਨ ਉੱਤੇ ਬਣਾਉਣਾ ਜਾਂ ਰੇਤ ਉੱਤੇ (7:24–27)।

## **ਸਹੀ ਰਾਹ ਚੁਣਨਾ** (7:13, 14)

ਇਨ੍ਹਾਂ ਆਇਤਾਂ ਵਿਚ ਯਿਸੂ ਨੇ ਦੋ ਵੱਖ-ਵੱਖ ਮੰਜ਼ਿਲਾਂ ਵਿਚ ਲੈ ਜਾਣ ਵਾਲੇ ਜ਼ਿੰਦਗੀ ਦੇ ਦੋ ਰਾਹਾਂ ਵਿੱਚੋਂ ਚੁਣਨ ਨੂੰ ਸਮਝਾਉਣ ਲਈ ਰਾਹ ਦੇ ਰੂਪਕ ਦੀ ਵਰਤੋਂ ਕੀਤੀ। ਦੋਹਾਂ ਵਿੱਚੋਂ ਚੱਲਣ ਲਈ ਕਿਸ ਰਾਹ ਨੂੰ ਚੁਣਨਾ ਹੈ ਇਹ ਪੂਰੀ ਤਰ੍ਹਾਂ ਨਾਲ ਸਾਡੇ ਤੇ ਛੱਡ ਦਿੱਤਾ ਜਾਂਦਾ ਹੈ। ਬਾਗ਼-ਏ-ਅਦਨ ਵਿਚ ਆਦਮ ਅਤੇ ਹੱਵ੍ਹਾ ਤੋਂ ਸ਼ੁਰੂ ਕਰਦਿਆਂ ਸਰਿਸ਼ਟੀ ਦੇ ਆਰੰਭ ਤੋਂ ਲੈ ਕੇ ਖ਼ੁਦਾ ਨੇ ਲੋਕਾਂ ਨੂੰ ਆਪਣੀ ਹੀ ਪਸੰਦ ਚੁਣਨ ਦੀ ਛੂਟ ਦਿੱਤੀ ਹੈ।

ਮਸੀਹੀ ਜ਼ਿੰਦਗੀ ਨੂੰ ਆਮ ਤੌਰ ਤੇ ''ਰਾਹ'' ਜਾਂ ''ਪੱਥ'' ਦੇ ਰੂਪ ਵਿਚ ਵਿਖਾਇਆ ਜਾਂਦਾ ਹੈ। ਅਸਲ ਵਿਚ ਮੁੱਢਲੀ ਕਲੀਸੀਆ ਨੂੰ ਦਿੱਤੇ ਜਾਣ ਵਾਲੇ ਨਾਵਾਂ ਵਿੱਚੋਂ ਇਕ ਇਹ ਵੀ ਹੈ (ਰਸੂਲਾਂ ਦੇ ਕੰਮ 9:2; 24:14)। ਜ਼ਬੂਰ ਲਿਖਣ ਵਾਲੇ ਨੇ ''ਧਰਮੀ ਦਾ ਰਾਹ'' ਅਤੇ ''ਦੁਸ਼ਟ ਦਾ ਰਾਹ'' ਵਿਚ ਚੋਣ ਕਰਨ ਦੀ ਗੱਲ ਕੀਤੀ ਹੈ (ਜ਼ਬੂਰ 1:1-6)। ਮਸੀਹੀ ਯੁੱਗ ਦੇ ਆਉਣ ਵੱਲ ਇਸ਼ਾਰਾ ਕਰਦਿਆਂ ਇਕ ਨਬੂਵਤ ਵਿਚ ਯਸਾਯਾਹ ਨੇ ਕਿਹਾ:

> ਉੱਥੇ ਇਕ ਸ਼ਾਹੀ ਰਾਹ ਹੋਵੇਗਾ,
> ਅਤੇ ਉਹ ਰਾਹ ''ਪਵਿੱਤਰ ਰਾਹ'' ਕਹਾਵੇਗਾ,
> ਕੋਈ ਅਸ਼ੁੱਧ ਉਹ ਦੇ ਉੱਤੋਂ ਦੀ ਨਹੀਂ ਲੰਘੇਗਾ,
> ਉਹ ਛੁਡਾਏ ਹੋਇਆਂ ਦੇ ਲਈ ਹੋਵੇਗਾ।
> ਰਾਹੀ ਭਾਵੇਂ ਮੂਰਖ ਹੋਣ ਕੁਰਾਹੇ ਨਾ ਪੈਣਗੇ (ਯਸਾਯਾਹ 35:8)।

ਰੂਹਾਨੀ ਥਕਾਵਟ ਦੂਰ ਕਰਨ ਲਈ ਆਪਣੇ ਪਾਠਕਾਂ ਨੂੰ ਦਲੇਰ ਕਰਨ ਲਈ ਲਿਖਦੇ ਹੋਏ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਉਨ੍ਹਾਂ ਨੂੰ ''ਢਿੱਲਿਆਂ ਹੱਥਾਂ ਅਤੇ ਭਿੜਦਿਆਂ ਗੋਡਿਆਂ ਨੂੰ ਸਿੱਧਿਆਂ ਕਰਨ ਅਤੇ ਆਪਣੇ ਪੈਰਾਂ ਲਈ ਸਿੱਧੇ ਰਾਹ'' ਬਣਾਉਣ ਲਈ ਕਿਹਾ (ਇਬਰਾਨੀਆਂ 12:12, 13)। ਇਸਰਾਏਲੀਆਂ ਦੇ ਕਨਾਨ ਵਿਚ ਦਾਖਲ ਹੋਣ ਦੀ ਤਿਆਰੀ ਕਰਦਿਆਂ, ਮੂਸਾ ਨੇ ਲੋਕਾਂ ਨੂੰ ਵਿਦਾਈ ਸੰਦੇਸ਼ ਦੇਣ ਅਤੇ ਉਨ੍ਹਾਂ ਨੂੰ ਇਹ ਦੱਸਣ ਲਈ ਕਿ ਉਹ ਉਨ੍ਹਾਂ ਨਾਲ ਵਾਅਦੇ ਦੀ ਧਰਤੀ ਵਿਚ ਨਹੀਂ ਜਾਵੇਗਾ, ਲੋਕਾਂ ਨੂੰ ਇਕੱਠੇ ਕੀਤਾ (ਵਿਵਸਥਾਸਾਰ 31:2)। ਆਪਣੇ ਇਸ ਆਖ਼ਰੀ ਸੰਦੇਸ਼ ਵਿਚ ਉਸ ਨੇ ਉਨ੍ਹਾਂ ਨੂੰ ਖ਼ੁਦਾ ਦੇ ਵਫ਼ਾਦਾਰ ਹੋਣ ਲਈ ਇਕ ਜ਼ਬਰਦਸਤ ਬੇਨਤੀ ਕੀਤੀ (ਵਿਵਸਥਾਸਾਰ 30:19)।

ਆਪਣੀ ਮੌਤ ਤੋਂ ਥੋੜ੍ਹੀ ਦੇਰ ਪਹਿਲਾਂ, ਯਹੋਸ਼ੁਆ ਨੇ ਵੀ ਇਸੇ ਤਰ੍ਹਾਂ ਨਾਲ ਇਹ ਕਹਿੰਦਿਆਂ ਇਸਰਾਏਲੀਆਂ ਨੂੰ ਚੁਣੌਤੀ ਦਿੱਤੀ:

> ਹੁਣ ਯਹੋਵਾਹ ਤੋਂ ਡਰੋ ਅਤੇ ਉਸ ਦੀ ਸੇਵਾ ਪੂਰੀ ਵਫ਼ਾਦਾਰੀ ਨਾਲ ਕਰੋ। ਉਨ੍ਹਾਂ ਦੇਵਤਿਆਂ ਨੂੰ ਜਿਨ੍ਹਾਂ ਦੀ ਪੂਜਾ ਤੁਹਾਡੇ ਪਿਓ ਦਾਦੇ ਦਰਿਆ ਪਾਰ ਅਤੇ ਮਿਸਰ ਵਿਚ ਕਰਦੇ ਸਨ ਸੁੱਟ ਦਿਓ ਅਤੇ ਯਹੋਵਾਹ ਦੀ ਸੇਵਾ ਕਰੋ। ਪਰ ਜੇ ਯਹੋਵਾਹ ਦੀ ਸੇਵਾ ਕਰਨੀ ਤੁਹਾਨੂੰ ਨਾ ਪਸੰਦ ਲੱਗੇ ਤਾਂ ਅੱਜ ਚੁਣ ਲਵੋ ਕਿ ਤੁਸੀਂ ਕਿਸਦੀ ਸੇਵਾ ਕਰੋਗੇ, ਚਾਹੇ ਉਨ੍ਹਾਂ ਦੇਵਤਿਆਂ ਦੀ ਜਿਨ੍ਹਾਂ ਦੀ ਸੇਵਾ ਤੁਹਾਡੇ ਪਿਓ ਦਾਦੇ ਦਰਿਆ ਪਾਰ ਕਰਦੇ ਸਨ, ਜਾਂ ਅਮੋਰੀਆਂ ਦੇ ਦੇਵਤਿਆਂ ਦੀ ਜਿਨ੍ਹਾਂ ਦੇ ਦੇਸ ਵਿਚ ਤੁਸੀਂ ਰਹਿੰਦੇ ਹੋ। ਪਰ ਜਿੱਥੋਂ ਤਕ ਮੇਰੀ ਅਤੇ ਮੇਰੇ ਘਰਾਣੇ ਦੀ ਗੱਲ ਹੈ, ਅਸੀਂ ਤਾਂ ਯਹੋਵਾਹ ਦੀ ਹੀ ਸੇਵਾ ਕਰਾਂਗੇ (24:14, 15; NIV)।

ਜਦ ਉੱਤਰੀ ਰਾਜ ਪੂਰੀ ਤਰ੍ਹਾਂ ਨਾਲ ਬਆਲ ਦੀ ਪੂਜਾ ਵਿਚ ਲੱਗ ਗਿਆ ਤਾਂ ਏਲੀਯਾਹ ਨੂੰ ਕਰਮੇਲ ਪਹਾੜ ਤੇ ਬਆਲ ਦੇ ਨਬੀ ਮਿਲੇ। ਉਸ ਨੇ ਇਸਰਾਏਲੀਆਂ ਦੇ ਧਾਰਮਿਕ ਸਮਝੌਤਾਵਾਦੀ

ਹੋਣ ਦੀ ਨਿਖੇਧੀ ਕੀਤੀ ਅਤੇ ਪੁੱਛਿਆ, ‘‘ਭਲਾ, ਤੁਸੀਂ ਕਦ ਤੀਕ ਦੋ ਖਿਆਲਾਂ ਉੱਤੇ ਲੰਗੜਾ ਕੇ ਚੱਲੋਗੇ? ਜੇ ਯਹੋਵਾਹ ਪਰਮੇਸ਼ੁਰ ਹੈ ਤਾਂ ਉਹ ਦੇ ਮਗਰ ਲੱਗੋ, ਪਰ ਜੇ ਬਆਲ ਹੈ ਤਾਂ ਉਹ ਦੇ ਮਗਰ ਲੱਗੋ’’ (1 ਰਾਜਿਆਂ 18:21)।

ਯਿਰਮਿਯਾਹ ਨੇ ਯਹੂਦਾ ਦੇ ਲੋਕਾਂ ਨੂੰ ਆਪਣੇ ਸਾਹਮਣੇ ਪਸੰਦ ਚੁਣਨ ਦੀ ਗੱਲ ਯਾਦ ਦੁਆਈ ਕਿ ਜਾਂ ਤਾਂ ਯਰੂਸ਼ਲਮ ਵਿਚ ਰਹੋ ਅਤੇ ਇਸ ਦੇ ਨਾਲ ਹੀ ਬਰਬਾਦ ਹੋ ਜਾਵੋ ਜਾਂ ਇਸ ਵਿੱਚੋਂ ਭੱਜ ਜਾਓ ਕਿਉਂਕਿ ਖ਼ੁਦਾ ਦਾ ਨਿਆਂ ਨੇੜੇ ਆ ਰਿਹਾ ਹੈ। ਉਸ ਨੇ ਲਿਖਿਆ, ‘‘ਵੇਖੋ, ਮੈਂ ਤੁਹਾਡੇ ਅੱਗੇ ਜੀਵਨ ਦਾ ਰਾਹ ਅਤੇ ਮੌਤ ਦਾ ਰਾਹ ਰੱਖਦਾ ਹਾਂ’’ (ਯਿਰਮਿਯਾਹ 21:8)।

ਸ਼ੁਰੂ ਤੋਂ ਹੀ ਖ਼ੁਦਾ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਲੋਕਾਂ ਕੋਲ ਅਸਲ ਵਿਚ ਦੋ ਹੀ ਬਦਲ ਹਨ। ਜਾਂ ਤਾਂ ਅਸੀਂ ਖ਼ੁਦਾ ਦੀ ਗੱਲ ਮੰਨਣਾ ਜਾਂ ਉਸਨੂੰ ਨਾ ਮੰਨਣਾ ਚੁਣ ਸਕਦੇ ਹਾਂ। ਖ਼ੁਦਾ ਵੱਲ ਜਾਣ ਦੇ ਬਹੁਤ ਸਾਰੇ ਰਾਹ ਨਹੀਂ ਹਨ, ਭਾਵ ਉਸ ਤਕ ਜਾਣ ਵਾਲਾ ਰਾਹ ਸਿਰਫ਼ ਇੱਕੋ ਹੈ (ਯੂਹੰਨਾ 14:6)। ਸੁਰਗ ਵਿਚ ਜਾਣ ਲਈ ਬਹੁਤ ਸਾਰੀਆਂ ਸੜਕਾਂ ਨਹੀਂ ਹਨ ਭਾਵ ਉੱਥੇ ਸਿਰਫ਼ ਇੱਕੋ ਹੀ ਸੜਕ ਜਾਂਦੀ ਹੈ (7:14)। ਸਾਨੂੰ ਸੱਚੇ ਧਰਮ ਅਤੇ ਝੂਠੇ ਧਰਮ ਵਿਚ ਚੋਣ ਕਰਨੀ ਜ਼ਰੂਰੀ ਹੈ (15:9)। ਪਹਾੜੀ ਉਪਦੇਸ਼ ਖ਼ੁਦਾ ਦੇ ਧਰਮ ਨੂੰ ਜਿਹੜਾ ਹਮੇਸ਼ਾ ਲਈ ਜ਼ਿੰਦਗੀ ਵੱਲ ਲੈ ਜਾਂਦਾ ਹੈ ਅਤੇ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਕਪਟ ਵਿਚ ਜਿਹੜਾ ਹਮੇਸ਼ਾ ਦੇ ਨਰਕ ਵਿਚ ਲੈ ਜਾਂਦਾ ਹੈ, ਫ਼ਰਕ ਕਰਦਾ ਹੈ (5:20)।

## ਚੌੜਾ ਰਾਹ ਅਤੇ ਸੌੜਾ ਰਾਹ (7:13, 14)

‘‘ਚੌੜੇ’’ ਰਾਹ ਨੂੰ ਸਹਿਣਸ਼ੀਲਤਾ ਨਾਲ ਮਿਲਾਇਆ ਗਿਆ ਹੈ। ਬਹੁਤਿਆਂ ਦਾ ਮੰਨਣਾ ਹੈ ਕਿ ਕਿਸੇ ਵੀ ਕਾਰਣ ਲਈ ਸਹਿਨਸ਼ੀਲ ਹੋਣਾ ਬੁਰੀ ਗੱਲ ਹੈ। ਬੇਸ਼ੱਕ ਕਈ ਵਾਰ ਅਸਹਿਣਸ਼ੀਲ ਹੋਣਾ ਬੁਰਾ ਹੁੰਦਾ ਹੈ। ਜਦ ਖ਼ੁਦਾ ਦੇ ਨਾਂਅ ਦੀ ਨਿੰਦਿਆ ਹੋ ਰਹੀ ਹੋਵੇ, ਜਾਂ ਜਦ ਸਚਿਆਈ ਉੱਤੇ ਹਮਲਾ ਹੋ ਰਿਹਾ ਹੋਵੇ ਜਾਂ ਜਦ ਖ਼ੁਦਾ ਦੇ ਵਚਨ ਦੀ ਥਾਂ ਵਿਚਾਰ ਲੈ ਲੈਣ ਤਾਂ ਅਸਹਿਣਸ਼ੀਲ ਹੋਣਾ ਸਹੀ ਹੁੰਦਾ ਹੈ। ਸਾਨੂੰ ਸੌੜੀ ਸੋਚ ਵਾਲੇ ਜਾਂ ਨਫ਼ਰਤ ਭਰੇ ਲੋਕ ਨਹੀਂ ਹੋਣਾ ਚਾਹੀਦਾ ਬਲਕਿ ਸਾਨੂੰ ਤਾਂ ਜੋ ਕੁਝ ਬਾਈਬਲ ਦੱਸਦੀ ਹੈ ਉਸ ਨੂੰ ਮੰਨਣ ਲਈ ਮਜ਼ਬੂਤ ਹੋਣਾ ਅਤੇ ਉਨ੍ਹਾਂ ਗਲਤ ਵਿਸ਼ਵਾਸਾਂ ਨੂੰ ਮੰਨਣ ਅਤੇ ਕਰਨ ਤੋਂ ਇਨਕਾਰ ਕਰਨ ਵਾਲੇ ਹੋਣਾ ਜ਼ਰੂਰੀ ਹੈ। ਯਿਸੂ ਹੋਰ ਦੇਵਤਿਆਂ (4:10), ਵੰਡੀ ਹੋਈ ਵਫ਼ਾਦਾਰੀ (12:30), ਅਤੇ ਖ਼ੁਦਾ ਦੇ ਹੋਰ ਰਾਹ ਦੱਸਣ ਵਾਲਿਆਂ (ਯੂਹੰਨਾ 10:1–10; 14:6) ਨਾਲ ਅਸਹਿਣਸ਼ੀਲ ਸੀ।

ਖ਼ੁਦਾ ਦਾ ਰਾਹ ਤੰਗ ਜਾਂ ਸੌੜਾ ਹੈ ਕਿਉਂਕਿ ਇਹ ਸਚਿਆਈ ਅਤੇ ਪਵਿੱਤਰਤਾਈ ਦਾ ਰਾਹ ਹੈ। ਮਸੀਹੀ ਲੋਕਾਂ ਨੂੰ ਆਮ ਤੌਰ ਤੇ ‘‘ਸੌੜੀ ਸੋਚ ਵਾਲੇ’’ ਕਿਹਾ ਜਾਂਦਾ ਹੈ ਕਿਉਂਕਿ ‘‘ਫ਼ਰਾਖ਼ਦਿਲ’’ ਹੋਣ ਦੀ ਗੱਲ ਕਹਿਣਾ ਸਭ ਨੂੰ ਚੰਗਾ ਲਗਦਾ ਹੈ। ਇਨ੍ਹਾਂ ਆਇਤਾਂ ਵਿਚ ਯਿਸੂ ਨੇ ਬਿਲਕੁਲ ਇਸ ਦੇ ਉਲਟ ਕੀਤਾ। ਉਸਨੇ ਕਿਹਾ ਕਿ ‘‘ਫ਼ਰਾਖ਼ਦਿਲ’’ ਹੋਣਾ ਚੰਗੀ ਗੱਲ ਹੈ ਕਿਉਂਕਿ ਇਸ ਨਾਲ ਸਚਿਆਈ ਦੀ ਖੋਜ ਅਤੇ ਸਮਝ ਵਿਚ ਸਾਡੀ ਮਦਦ ਹੁੰਦੀ ਹੈ। ਇਸ ਦੇ ਉਲਟ ਫ਼ਰਾਖ਼ਦਿਲ ਹੋਣ ਦੋ ਭਾਵ ਕਿਸੇ ਵੀ ਉਲਟ ਵਿਚਾਰ, ਨੈਤਿਕਤਾ ਜਾਂ ਵੱਖਰੀ ਜੀਵਨ ਸ਼ੈਲੀ ਨੂੰ ਮੰਨ ਲੈਣਾ ਹੈ। ਇਸੇ ਕਰਕੇ ਯਿਸੂ ਨੇ ਸਾਨੂੰ ਇਸ ਚੌੜੇ ਰਾਹ ਤੇ ਚੱਲਣ ਤੋਂ ਬਚਣ ਦੀ ਚਿਤਾਵਨੀ ਦਿੱਤੀ। ਯਿਸੂ ਨੇ ਕਿਹਾ, ‘‘ਇਸ ਲਈ ਮੈਂ ਤੁਹਾਨੂੰ ਆਖਿਆ ਜੋ ਤੁਸੀਂ ਆਪਣੇ ਪਾਪਾਂ ਵਿਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ; ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ’’ (ਯੂਹੰਨਾ 8:24, 32)। ਉਸ ਨੇ ਇਹ ਵੀ ਕਿਹਾ, ‘‘ਹਰੇਕ ਬੂਟਾ ਜੋ ਮੇਰੇ ਸੁਰਗੀ ਪਿਤਾ ਨੇ ਨਹੀਂ ਲਾਇਆ ਸੋ ਜੜ੍ਹੋਂ ਪੁੱਟਿਆ ਜਾਵੇਗਾ’’ (15:13)। ਪੌਲੁਸ ਨੇ ਤਿਮੋਥਿਉਸ ਨੂੰ ਸਮਝਾਇਆ, ‘‘ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰਾਂ ਦੀ ਸਿੱਖਿਆ ਨਾ ਦੇਣ’’ (1 ਤਿਮੋਥਿਉਸ

1:3), ਅਤੇ ''ਆਪਣੇ ਆਪ ਦੀ ਅਤੇ ਆਪਣੀ ਸਿੱਖਿਆ ਦੀ ਰਾਖੀ ਕਰ। ਇਹਨਾਂ ਗੱਲਾਂ ਉੱਤੇ ਪੱਕਿਆਂ ਰਹੁ ਕਿਉਂ ਜੋ ਤੂੰ ਇਹ ਕਰ ਕੇ ਨਾਲੇ ਆਪਣੇ ਆਪ ਨੂੰ ਨਾਲੇ ਆਪਣੇ ਸੁਣਨ ਵਾਲਿਆਂ ਨੂੰ ਬਚਾਵੇਂਗਾ''(1 ਤਿਮੋਥਿਉਸ 4:16)। ਹਮੇਸ਼ਾ ਦੀ ਜ਼ਿੰਦਗੀ ਵੱਲ ਲਿਜਾਣ ਵਾਲਾ ਰਾਹ ਬਹੁਤ ਹੀ ਤੰਗ ਹੈ ਅਤੇ ਇਹ ਰਾਹ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ।

## "ਹੇ ਪ੍ਰਭੂ, ਹੇ ਪ੍ਰਭੂ" (7:21-23)

ਕਿਆਮਤ ਵਾਲੇ ਦਿਨ ਕੁਝ ਲੋਕਾਂ ਨੂੰ ਇਹ ਪਤਾ ਲੱਗਣ ਤੇ ਕਿ ਉਹ ਪਿਤਾ ਦੀ ਮਰਜ਼ੀ ਤੇ ਨਹੀਂ ਚੱਲ ਰਹੇ ਸਨ, ਕਿੰਨਾ ਦੁੱਖ ਹੋਵੇਗਾ! ਭਲਾ ਕਿਸੇ ਨੂੰ ਇਹ ਪਤਾ ਲੱਗ ਸਕਦਾ ਹੈ ਕਿ ਉਹ ਵਫ਼ਾਦਾਰ ਮਸੀਹੀ ਜੀਵਨ ਜੀ ਰਿਹਾ ਹੈ ਜਾਂ ਨਹੀਂ? ਪੌਲੁਸ ਨੇ ਲਿਖਿਆ ਹੈ, ''ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿਚ ਹੋ ਯਾ ਨਹੀਂ। ਆਪਣੇ ਆਪ ਨੂੰ ਪਰਖੋ ਅਥਵਾ ਤੁਸੀਂ ਆਪਣੇ ਆਪ ਨੂੰ ਨਹੀਂ ਜਾਣਦੇ ਕਿ ਮਸੀਹ ਤੁਹਾਡੇ ਵਿਚ ਹੈ ਜੋ ਤੁਸੀਂ ਅਪਰਵਾਣ ਨਾ ਹੋ'' (2 ਕੁਰਿੰਥੀਆਂ 13:5)। ਪਤਰਸ ਨੇ ਇਹ ਵੀ ਸਾਫ਼ ਕਰ ਦਿੱਤਾ ਕਿ ਸਾਡਾ ''ਸੱਦਿਆ ਜਾਣਾ'' ਆਪਣੀ ਜ਼ਿੰਦਗੀ ਵਿਚ ਮਸੀਹੀ ਕਿਰਪਾ ਨੂੰ ਮਿਲਾਉਣ ਨਾਲ ਹੀ ''ਪੱਕਾ'' ਹੋ ਸਕਦਾ ਹੈ (2 ਪਤਰਸ 1:5–11)।

---

ਟਿੱਪਣੀਆਂ

[1]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 76. [2]ਮਿਸ਼ਨਾਹ *ਸੋਟਹ* 1.7; ਵੇਖੋ ਟਾਲਮੁਡ *ਸ਼ੱਬਥ* 127ਬੀ। [3]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡਜ਼ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 50 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [4]ਟਾਲਮੁਡ *ਰੋਸ਼ ਹਾ–ਸ਼ਨਾਹ* 16ਬੀ। [5]ਡੇਵਿਡ ਹਿਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 146; ਵੇਖੋ *ਲੈਵਿਟਿਕੁਸ ਰੱਬਾਹ* 29.3. [6]ਕ੍ਰੇਗ ਐਸ. ਕੀਨਰ, *ਏ ਕਮੈਂਟਰੀ ਆਨ ਦ ਗੌਸਪਲ ਆਫ਼ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1999), 241. [7]ਵੇਖੋ ਟਾਲਮੁਡ *ਅਰੇਖਿਨ* 16ਬੀ; *ਬਾਬਾ ਬਥਰਾ* 15ਬੀ। [8]ਟਾਲਮੁਡ *ਬਾਬਾ ਮੇਜ਼ੀਯਾਹ* 59ਬੀ। [9]1 ਮੱਕਾਬੀਆਂ 1:16, 41, 42, 47; 2 ਮੱਕਾਬੀਆਂ 6:18–7:42. [10]ਟਾਲਮੁਡ ਵਿਚ ਖਾਸ ਭਾਸ਼ਣ ਨੂੰ ''ਮੋਤੀਆਂ'' ਨਾਲ ਵੀ ਮਿਲਾਇਆ ਜਾਂਦਾ ਹੈ। (*ਕਿੱਦੁਸ਼ੀਨ* 39ਬੀ।)

[11]''ਖੜਕਾਉਣ'' ਦੀ ਅਲੰਕਾਰਿਕ ਭਾਸ਼ਾ ਵਿਚ ਵਰਤੋਂ ਟਾਲਮੁਡ ਵਿਚ ''ਦੁਆ'' ਵਾਸਤੇ ਵੀ ਕੀਤੀ ਗਈ ਹੈ, ਜਿੱਥੇ ਕਿਹਾ ਗਿਆ ਹੈ ਕਿ ਮੁਰਦਕਈ ਨੇ ''ਕਿਰਪਾ ਦੇ ਬੂਹੇ ਖੜਕਾਏ ਸਨ ਅਤੇ ਉਹ ਉਸ ਦੇ ਲਈ ਖੋਲ੍ਹੇ ਗਏ ਸਨ'' (*ਮਗਿੱਲਾਹ* 12ਬੀ)। [12]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1985), 144; ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 66. [13]*ਦ ਐਂਕਰ ਬਾਈਬਲ ਡਿਕਸ਼ਨਰੀ,* ਸੰਪਾ. ਡੇਵਿਡ ਨੋਏਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 6:1147 ਵਿਚ ਐਡਵਿਨ ਫ਼ਰਮੇਜ, ''ਜ਼ੂਓਲੋਜੀ।'' [14]ਹਿਲ, 149. [15]ਕਨਫ਼ਿਊਸ਼ਿਅਸ 15.23. [16]ਆਈਸੋਕ੍ਰੇਟਸ *ਨਿਕੋਲਸ* (ਦ ਸਾਈਪੀਰਿਅੰਸ) 61. [17]ਡਾਇਓਜੀਨਸ ਲੇਅਰਟਿਉਸ *ਲਾਈਵਜ਼ ਆਫ਼ ਐਮੀਨੇਂਟ ਫ਼ਿਲਾਸਫ਼ਰਜ਼* 5.21. [18]ਟਾਲਮੁਡ *ਸ਼ੱਬਥ* 31ਏ। [19]ਟੋਬਿਟ 4:15 (NRSV)। [20]ਸੀਰਾਚ 31:15 (NRSV)।

[21]ਲੈਟਰ ਆਫ਼ ਅਰਿਸਤਿਅਸ 207. [22]ਲੂਕਾ 6:31 ਵਿਚ ਯਿਸੂ ਵੱਲੋਂ ਦਿੱਤਾ ਸੁਨਹਿਰੀ ਨਿਯਮ ਕਿਸੇ ਦੇ ਆਪਣੇ ਵੈਰੀਆਂ ਨਾਲ ਪਿਆਰ ਕਰਨ ਦੇ ਸਬੰਧ ਵਿਚ ਮਿਲਦਾ ਹੈ ਨਾ ਕਿ ਉਨ੍ਹਾਂ ਨਾਲ ਇਸ ਦੇ ਉਲਟ ਕਰਨ ਦੇ ਸਬੰਧ ਵਿਚ (ਵੇਖੋ ਲੂਕਾ 6:27–36)। [23]ਮਾਉਂਸ, 66. [24]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ, 1976), 113. [25]ਟਾਲਮੁਡ *ਸ਼ੱਬਥ* 31ਏ। [26]ਫ੍ਰਾਂਸ, 146. [27]ਰੌਬਰਟ ਐਚ. ਗੁੰਡਰੀ, *ਮੈਥਿਊ: ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 127. [28]ਫ੍ਰਾਂਸ, 146. [29]ਰੱਬੀਆਂ ਦੇ ਸਾਹਿਤ ਵਿਚ ਦੋ ਰਾਹ ਜ਼ਰੂਰ ਦੱਸੇ ਜਾਂਦੇ ਹਨ। ਇਹ ਰਾਹ ਸੁਰਗਲੋਕ ਜਾਂ ਗੇਹੰਨਾ ਵਿਚ ਕਿਤੇ ਵੀ ਲੈ ਜਾਂਦੇ ਸਨ (ਟਾਲਮੁਡ *ਬੇਰਾਕੋਥ* 28ਬੀ।) [30]ਡੋਨਲਡ ਏ. ਹੈਗਨਰ, *ਮੈਥਿਊ 1–13,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਏ (ਡਲਾਸ: ਵਰਡ ਬੁਕਸ, 1993), 178.

[31]ਵੇਖੋ ਜੋਸੇਫ਼ਸ *ਐਂਟੀਕੁਇਟੀਜ਼* 20.5.1, 2; *ਵਾਰਜ਼* 2.13.5. [32]ਵੇਖੋ *ਡਿਡੇਕ* 11–13; 16.3; ਇਗਨੇਸ਼ਿਅਸ ਫ਼ਿਲਾਡੈਲਫੀਆ 2.1, 2. [33]ਹਿਲ, 151. [34]ਚੰਗੇ ਫਲ ਦੇ ਹਵਾਲਿਆਂ ਲਈ, ਵੇਖੋ ਯੂਹੰਨਾ 15:8; ਗਲਾਤੀਆਂ 5:22–24; ਅਫ਼ਸੀਆਂ 5:9–12; ਕੁਲੁੱਸੀਆਂ 1:10; ਯਾਕੂਬ 3:17, 18. [35]''ਉਸ ਦਿਨ'' ਦੇ ਹਵਾਲਿਆਂ ਲਈ, ਵੇਖੋ ਮੱਤੀ 24:36; ਲੂਕਾ 10:12; 17:31; 21:34; 2 ਥੱਸਲੁਨੀਕੀਆਂ 1:10; 2 ਤਿਮੋਥਿਉਸ 1:12, 18; 4:8. [36]ਕਿਆਮਤ ਵਾਲੇ ਦਿਨ ਦੇ ਵੇਰਵਿਆਂ ਲਈ, ਵੇਖੋ ਮੱਤੀ 24:36–51; 25:31–46; ਰਸੂਲਾਂ ਦੇ ਕੰਮ 17:30, 31; 2 ਕੁਰਿੰਥੀਆਂ 5:10; ਪ੍ਰਕਾਸ਼ ਦੀ ਪੋਥੀ 20:11–15. [37]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 182, ਐਨ. 87. [38]ਮਾਉਂਸ 70. [39]ਵਿਲਕਿੰਸ, 53–54; ਵੇਖੋ ਗੋਰਡਨ ਫ੍ਰੈਂਜ਼, ''ਦ ਪੈਰੇਬਲ ਆਫ਼ ਦ ਟੂ ਬਿਲਡਰਜ਼,'' *ਆਰਕਿਓਲੋਜੀ ਇਨ ਦ ਬਿਬਲੀਕਲ ਵਰਲਡ* 3 (ਜੂਨ 1995): 6–11. [40]ਏ. ਟੀ. ਰੌਬਰਟਸ, *ਵਰਡ ਪਿਕਚਰਜ਼ ਇਨ ਦ ਨਿਊ ਟੈਸਟਾਮੈਂਟ,* ਜਿਲਦ 1, *ਦ ਗੌਸਪਲ ਅਕਾਰਡਿੰਗ ਟੂ ਮੈਥਿਊ– ਦ ਗੌਸਪਲ ਅਕਾਰਡਿੰਗ ਨੂੰ ਮਾਰਕ* (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈੱਸ, 1930), 63.

[41]ਮਾਉਂਸ, 64. [42]ਹਰਬਰਟ ਹੂਵਰ, ਐਡਰੈਸ ਟੂ ਵਰਲਡ'ਜ਼ ਕਾਨਫ੍ਰੈਂਸ ਆਫ਼ ਦ ਯੰਗ ਮੈੱਨ'ਜ਼ ਕ੍ਰਿਸਚਿਅਨ ਐਸੋਸਿਏਸ਼ਨ (YMCA), ਕਲੀਵਲੈਂਡ, ਓਹਾਇਓ, 8 ਅਗਸਤ 1931. [43]ਇਸ ਉਦਾਹਰਣ ਦਾ ਮੂਲ ਲੇਖਕ ਅਗਿਆਤ ਹੈ।